# ਰੁੱਤਾਂ, ਦਿਲ ਤੇ ਸੁਫਨੇ

ਰੰਗ, ਬਹਾਰਾਂ, ਤਾਰੇ, ਅੱਖਰ, ਰੁੱਤਾਂ, ਦਿਲ ਤੇ ਸੁਫਨੇ
ਅਪਣੀ ਰਾਖ਼ 'ਚੋਂ ਮੁੜ ਉੱਗ ਪੈਂਦੇ, ਦੇਖ ਲਵੀਂ ਅਜ਼ਮਾ ਕੇ

# ਰੁੱਤਾਂ, ਦਿਲ ਤੇ ਸੁਫਨੇ

(ਕਾਵਿ-ਸੰਗ੍ਰਹਿ)

ਪ੍ਰੀਤ ਮਨਪ੍ਰੀਤ

ਚੇਤਨਾ ਪ੍ਰਕਾਸ਼ਨ

ਪੰਜਾਬੀ ਭਵਨ, ਲੁਧਿਆਣਾ

# *Ruttan, Dil Te Suphne*

*Poems By*

**Preet Manpreet ©**
Surrey, B.C. Canada
(604-715-5035)
E.mail- preet.manpreet@hotmail.com
Fb. http://www.facebook.com/manpreet.sandhu.12327

**ISBN : 978-93-87629-**
**Rs. /-**
**2020**
*Printed and Bound In India*

*Published by*
**A Group of**
**Chetna Parkashan**
PUNJABI BHAWAN, LUDHIANA (Pb.) INDIA
**KOTKAPURA | CANADAz | USA**
Ph. 0161-2413613, 2404928, (M) 98152-98459, 98762-07774
Ph.: 95011-45039
Website: www.chetnaparkashan.com
E-mail: chetnaparkashan@gmail.com, gulatipublishersltd@gmail.com

Printer : R.K. Offset, Delhi

All rights reserved
This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photo copying, recording or otherwise), without the prior written permission of both the copyright owner and the publisher of this book.

follow us on : www.facebook.com/ChetnaParkashan

## ਸਮਰਪਣ

ਉਸ ਬੋਹੜ ਬਿਰਖ ਦੇ ਨਾਂ,
ਜੋ ਮੇਰੇ ਸਿਰ ਉਤਲੀ
ਬੇਫ਼ਿਕਰੀ ਦੀ ਛਾਂ
ਆਪਣੇ ਨਾਲ਼ ਹੀ ਲੈ ਗਿਆ।

## ਤਤਕਰਾ


| | | |
|---|---|---|
| ਜੀ ਆਇਆਂ ਪ੍ਰੀਤ ਮਨਪ੍ਰੀਤ! | *–ਜਸਵਿੰਦਰ* | 9 |
| ਇੱਕ ਸਮਰੱਥ ਸ਼ਾਇਰ ਦਾ ਆਗਮਨ | *–ਕ੍ਰਿਸ਼ਨ ਭਨੋਟ* | 11 |
| ਬਿਆਨ–ਨਾਮਾ | *–ਪ੍ਰੀਤ ਮਨਪ੍ਰੀਤ* | 13 |

------------------------------------------

| | | |
|---|---|---|
| ਆਦਿਕਾ | .................................... | 15 |
| ਸਾਡੇ ਸਮਿਆਂ ਦੇ ਬੁੱਧ | .................................... | 17 |
| ਮਾਂ ਦੀ ਸਿਲਾਈ ਮਸ਼ੀਨ | .................................... | 19 |
| ਬੋਲ | .................................... | 22 |
| ਨਦੀ ਤੇ ਕਿਨਾਰੇ | .................................... | 24 |
| ਨਾਨਕ ਨਾਲ਼ ਸੰਵਾਦ | .................................... | 26 |
| ਰਿਸ਼ਤਿਆਂ ਦਾ ਊੜਾ–ਐੜਾ | .................................... | 29 |
| ਅਧੂਰੀ ਹੋਂਦ ਦੀ ਕਸਕ | .................................... | 31 |
| ਅਗਲੀ ਵਾਰ | .................................... | 32 |
| ਕੱਲ੍ਹ, ਅੱਜ ਤੇ ਭਲ਼ਕ | .................................... | 35 |
| ਸੜਕ ਬਨਾਮ ਔਰਤ | .................................... | 36 |
| ਅਗਲੀ ਜੂਨ | .................................... | 38 |
| ਘਰ ਅਤੇ ਕਵਿਤਾ | .................................... | 40 |
| ਜ਼ਿੰਦਗੀ ਦੀ ਰੰਗਸ਼ਾਲਾ | .................................... | 43 |
| ਨਿੱਘ | .................................... | 45 |
| ਦੌੜ | .................................... | 48 |
| ਉਹ ਤੇ ਨਜ਼ਮ | .................................... | 50 |
| ਭਾਰ | .................................... | 52 |
| ਭਟਕਣ | .................................... | 53 |
| ਕਲਾਵੇ ’ਚ ਕਾਇਨਾਤ | .................................... | 55 |
| ਆਜ਼ਾਦੀ ਦਾ ਰੰਗ | .................................... | 56 |

ਅਸੀਂ ਹੀ ਹਰ ਵਾਰ .................................... 58
ਹਮਸਫ਼ਰ .................................... 60
ਖ਼ਾਮੋਸ਼ ਮਹਾਂਨਗਰ .................................... 61
ਬਚਪਨ .................................... 63
ਗੁਸਤਾਖ਼ ਸ਼ਬਦ .................................... 65
ਘਰ ਅੰਦਰਲਾ ਬਣਵਾਸ .................................... 68
ਚਾਨਣ ਦੇ ਵਾਰਿਸ .................................... 71
ਪਰਲੋ .................................... 74
ਕੌਣ ਹੈ ਉਹ? .................................... 75
ਨਵਾਂ ਵਰ੍ਹਾ .................................... 78
ਕਰਮਾਂ ਮਾਰੇ ਗੀਤ .................................... 79
ਕਸੂਰ .................................... 81
ਜ਼ਿੰਦਗੀ ਤੇ ਮੌਤ .................................... 83
ਸਫ਼ਰ ਤਾਂ ਅਧੂਰੇ ਨੇ ਅਜੇ .................................... 84

ਗ਼ਜ਼ਲਾਂ

ਦਿਲ ਦੇ ਵਿਚ ਦਬਾ ਕੇ ਕਿਧਰੇ... .................................... 88
ਤੇਰੇ ਮਨ ਦੀ ਧਰਾਤਲ... .................................... 89
ਸੋਚ ਸਮਝ ਕੇ ਹੀ ਲਿਖਿਆ ਕਰ... .................................... 90
ਉਹ ਮੇਰੀ ਪਿਆਸ ਦੀ ਸ਼ਿੱਦਤ... .................................... 91
ਰਸਤੇ ਬਿਗਾਨਿਆ 'ਤੇ... .................................... 92
ਸੁਰਾਂ ਵਿਚ ਢਾਲ਼ਿਆ ਗ਼ਮ... .................................... 94
ਮੈਂ ਬਦਲ ਸਕਦਾ ਹਾਂ... .................................... 95
ਇਹ ਜਿਸਮ ਪੱਥਰ ਹੋ ਗਿਆ... .................................... 96
ਤੇਰੀਆਂ ਨਜ਼ਰਾਂ ਦੇ ਕਾਬਿਲ... .................................... 97
ਰੂਹ ਉੱਤੋਂ ਹੰਕਾਰ ਦਾ... .................................... 98
ਮੁੱਖ ਤੇ ਸਵੇਰੇ ਓੜਕੇ ... .................................... 99
ਕਦੇ ਇਉਂ ਭਰਮ ਸਿਰਜਣ... .................................... 100

| | | |
|---|---|---|
| ਉਹ ਜਦ ਕਦੇ ਵੀ ਮਿਲ਼ਿਆ... | .................................... | 101 |
| ਬੜਾ ਕੁਝ ਸੋਚਦਾ ਹਾਂ... | .................................... | 102 |
| ਜ਼ਿੰਦਗੀ ਦੇ ਰੂਬਰੂ ਹਾਂ... | .................................... | 103 |
| ਅੱਖਰਾਂ ਵਿਚ ਢਾਲ਼ ਕੇ ... | .................................... | 104 |
| ਧੁਖ਼ ਰਹੇ ਮੌਸਮ ਨੂੰ... | .................................... | 105 |
| ਮੇਰੇ ਬੀਬੇ ਚਿਹਰੇ ਪਿੱਛੇ... | .................................... | 106 |
| ਇਸ ਬਹਿਸ ਵਿਚ ਉਲਝੇ ਰਹੇ... | .................................... | 108 |
| ਉਲਝਣ ਵਿਚ ਹਾਂ ਤੂੰ ਹੀ ਦੱਸ... | .................................... | 109 |
| ਬੇਆਸਿਆਂ ਨੂੰ ਮੁੜ ਤੋਂ ਝੂਠੀ ਆਸ... | .................................... | 110 |
| ਜਦ ਆਸਾਂ ਦਾ ਦਿਨ ਢਲ਼ ਚੱਲਿਆ | .................................... | 111 |

# ਜੀ ਆਇਆਂ ਪ੍ਰੀਤ ਮਨਪ੍ਰੀਤ !

ਸਰੀ (ਕੈਨੇਡਾ) ਦੇ ਪੰਜਾਬੀ ਸ਼ਾਇਰਾਂ ਵਿਚ ਪ੍ਰੀਤ ਮਨਪ੍ਰੀਤ ਤੇਜ਼ੀ ਨਾਲ਼ ਉੱਭਰਿਆ ਅਜਿਹਾ ਵਾਹਿਦ ਨਾਮ ਹੈ ਜਿਸ ਨੇ ਨਜ਼ਮ ਤੇ ਗ਼ਜ਼ਲ ਦੋਹਾਂ ਵਿਧਾਵਾਂ ਵਿਚ ਜ਼ਿਕਰਯੋਗ ਰਚਨਾਵਾਂ ਰਚ ਕੇ ਆਪਣੀ ਵਿਸ਼ੇਸ਼ ਥਾਂ ਬਣਾ ਲਈ ਹੈ। ਉਸ ਦੀਆਂ ਕਾਵਿ ਕਿਰਤਾਂ ਵਿਚਲੀ ਮਿੱਟੀ ਦੀ ਮਹਿਕ ਤੇ ਪ੍ਰੌਢ ਸੰਵੇਦਨਾ ਇਸ ਗੱਲ ਦੀ ਗਵਾਹ ਹੈ ਕਿ ਉਸ ਨੇ ਫੈਸ਼ਨ-ਵੱਸ ਹਲਕੀ ਸ਼ੁਹਰਤ ਲਈ ਨਹੀਂ, ਸਗੋਂ ਜ਼ਿੰਮੇਵਾਰੀ ਨਾਲ਼ ਸ਼ਬਦ-ਸਾਧਨਾ ਦਾ ਰਸਤਾ ਚੁਣਿਆ ਹੈ। ਉਸ ਦੇ ਕਾਵਿ-ਸਰੋਕਾਰ ਇਕਦਮ ਨਿੱਖਰੇ ਹੋਏ ਤੇ ਸਪਸ਼ਟ ਨੇ। ਜ਼ਿੰਦਗੀ ਨੂੰ ਹੋਰ ਸੋਹਣੀ ਤੇ ਸਿਹਤਮੰਦ ਬਣਾਉਣ ਦੀ ਤਮੰਨਾ ਨਾਲ਼ ਭਰਪੂਰ ਸ਼ਾਇਰ ਪ੍ਰੀਤ ਮਨਪ੍ਰੀਤ ਦਾ ਵਿਕਾਸ-ਮਾਰਗ ਧਿਆਨ ਖਿੱਚਦਾ ਹੈ।

ਕੈਨੇਡਾ ਵਾਸ ਤੋਂ ਪਹਿਲਾਂ ਪ੍ਰੀਤ ਪੰਜਾਬ ਵਿਚ ਸਕੂਲ ਅਧਿਆਪਕ ਸੀ। ਉਸਦੇ ਅੰਦਰੋਂ ਕਵਿਤਾ ਦਾ ਚਸ਼ਮਾ ਫੁੱਟਿਆ ਤਾਂ ਉਹ ਛੰਦ-ਮੁਕਤ ਨਜ਼ਮਾਂ ਬਣ ਕੇ ਆਲੇ-ਦੁਆਲ਼ੇ ਦੇ ਨਿੱਕੇ-ਵੱਡੇ ਵਰਤਾਰਿਆਂ ਨੂੰ ਆਪਣੇ ਕਲਾਵੇ ਵਿੱਚ ਲੈਂਦਾ ਗਿਆ।' ਮਾਂ ਦੀ ਸਿਲਾਈ ਮਸ਼ੀਨ', 'ਅਗਲੀ ਵਾਰ', 'ਘਰ ਅੰਦਰਲਾ ਬਣਵਾਸ' ਆਦਿ ਉਸ ਦੌਰ ਦੀਆਂ ਸ਼ਾਨਦਾਰ ਕਾਵਿ-ਰਚਨਾਵਾਂ ਹਨ। ਉਂਞ ਹਰ ਨਜ਼ਮ ਵਿਚ ਉਸ ਦੀ ਤੜਪ ਤੇ ਬੇਚੈਨੀ ਅੱਥਰੂ-ਅੱਥਰੂ ਹੋ ਕੇ ਵੀ ਮੁਹੱਬਤੀ ਜ਼ਿੰਦਗੀ ਦੀ ਆਖ਼ਰੀ ਜਿੱਤ ਲਈ ਯਤਨਸ਼ੀਲ ਰਹਿੰਦੀ ਹੈ। ਉਹ ਕਿਤੇ ਵੀ ਕਵਿਤਾ ਦੇ ਬੇਰੋਕ ਵਹਿਣ ਨੂੰ ਕਾਵਿ-ਸੁਹਜ ਦੇ ਕਿਨਾਰਿਆਂ ਤੋਂ ਬਾਹਰ ਨਹੀਂ ਉੱਛਲਣ ਦਿੰਦਾ ਅਤੇ ਉਸ ਦੇ ਜਜ਼ਬਾਤ ਦੀਆਂ ਛੱਲਾਂ ਪਾਠਕ ਦੀ ਚੇਤਨਾ ਨੂੰ ਭਿਉਂ ਕੇ ਖੁਸ਼ਕ ਮਾਰੂਥਲੀ ਪੌਣਾਂ ਦੇ ਦੁਰ-ਪ੍ਰਭਾਵ ਤੋਂ ਬਚਾਉਂਦੀਆਂ ਰਹਿੰਦੀਆਂ ਨੇ।

ਨਜ਼ਮ ਦੇ ਨਾਲ਼-ਨਾਲ਼ ਉਹ ਗ਼ਜ਼ਲ ਜਿਹੀ ਸ਼ਕਤੀਸ਼ਾਲੀ ਵਿਧਾ ਵੱਲ ਆਪ-ਮੁਹਾਰੇ ਰੁਚਿਤ ਹੁੰਦਾ ਗਿਆ। ਥੋੜ੍ਹਾ ਮੁਸ਼ਕਿਲ ਸਮਝਿਆ ਜਾਂਦਾ ਗ਼ਜ਼ਲ ਦਾ ਵਿਧੀ-ਵਿਧਾਨ ਸੌਖਿਆਂ ਹੀ ਉਸ ਦੇ ਅਵਚੇਤਨ ਦਾ ਹਿੱਸਾ ਬਣਦਾ ਗਿਆ। ਉਸ ਦੀਆਂ ਨਜ਼ਮਾਂ ਵਿੱਚ ਵੀ ਸੁਰਤਾਲ ਦੀ ਛੋਹ ਹੈ ਜਿਸ ਨੇ ਉਸ ਦੀ ਗ਼ਜ਼ਲਕਾਰੀ ਵਿਚ ਮਦਦ ਕੀਤੀ। ਸ਼ਿਅਰ ਦੀ ਗਹਿਰਾਈ ਦੀ ਸਮਝ ਤਾਂ ਉਸ ਨੂੰ ਸੀ ਹੀ, ਬੱਸ ਫੇਰ ਕੀ ਸੀ, ਬਹੁਤ ਥੋੜ੍ਹੇ ਸਮੇਂ ਵਿੱਚ ਪ੍ਰੀਤ ਨੇ ਦਿਲ ਨੂੰ ਧੂਹ ਪਾਉਣ ਵਾਲੇ ਸ਼ਿਅਰ ਕਹਿਣੇ ਸ਼ੁਰੂ ਕਰ ਦਿੱਤੇ। ਚੰਦ ਕੁ ਮਿਸਾਲਾਂ ਇਸ ਤਰ੍ਹਾਂ ਹਨः-

ਅੱਜ ਕਿਸੇ ਬੇਵਸ ਦੇ ਅੱਥਰੂ, ਉਤਰੇ ਮੇਰੇ ਨੈਣਾਂ ਵਿਚ
ਇਉਂ ਲੱਗਿਆ ਜਿਉਂ ਕਰ ਆਇਆ ਹਾਂ ਮੈਂ ਰੂਹ ਦਾ ਇਸ਼ਨਾਨ ਕਿਤੇ।

ਰੰਗ, ਬਹਾਰਾਂ, ਤਾਰੇ, ਅੱਖਰ, ਰੁੱਤਾਂ, ਦਿਲ ਤੇ ਸੁਫਨੇ
ਅਪਣੀ ਰਾਖ਼ 'ਚੋਂ ਮੁੜ ਉੱਗ ਪੈਂਦੇ, ਦੇਖ ਲਵੀਂ ਅਜ਼ਮਾ ਕੇ।

ਜਿਸ ਨੂੰ ਬੁਝਾਵਾਂ ਨਿਉਂ ਕੇ ਮੈਂ ਨਿਤ ਗ਼ੈਰ ਦੇ ਦਰ 'ਤੇ
ਤੂੰ ਮੌਤ ਭਾਵੇਂ ਦੇ ਦਵੀਂ, ਉਹ ਪਿਆਸ ਨਾ ਦੇਵੀਂ।

ਆਮਦ ਕਿਸੇ ਦੀ ਮਹਿਕ ਬਣ, ਮੇਰੀ ਗਲੀ ਮਹਿਕਾ ਗਈ
ਉਹ ਤੁਰ ਗਿਆ ਮੈਂ ਫੇਰ ਇਹ ਖਿੜਕੀ ਕਦੇ ਢੋਈ ਨਹੀਂ।

ਆ ਕਿ ਮੁੜ ਤੋਂ ਸੁਫਨਿਆਂ ਦੇ ਬੀਅ ਉਗਾ ਕੇ ਵੇਖੀਏ
ਧਰਤ ਸਾਡੇ ਪਿਆਰ ਦੀ ਜ਼ਰਖੇਜ਼ ਹੈ, ਬੰਜਰ ਨਹੀਂ।

ਅਜਿਹੀ ਸ਼ਾਇਰੀ ਦਿਲ ਦਿਆਂ ਵਰਕਿਆਂ 'ਤੇ ਸੰਵੇਦਨਾ ਦੇ ਤਿੱਖੇ ਤੀਰਾਂ ਨਾਲ਼ ਹੀ ਸਿਰਜੀ ਜਾ ਸਕਦੀ ਹੈ। ਕਿਸੇ ਚੰਗੇ ਸ਼ਿਅਰ ਦੀ ਸਿਰਜਣਾ ਵੇਲ਼ੇ ਸ਼ਾਇਰ ਨੂੰ ਚੇਤਨ-ਅਵਚੇਤਨ ਦੇ ਕਿਹੜੇ-ਕਿਹੜੇ ਸੰਸਾਰਾਂ ਵਿੱਚ ਵਿਚਰਨਾ ਪੈਂਦਾ ਹੈ, ਇਹ ਉਹ ਹੀ ਜਾਣਦਾ ਹੈ। ਪ੍ਰੀਤ ਨੇ ਉਹਨਾਂ ਸੰਸਾਰਾਂ ਦਾ ਸਿਰਨਾਵਾਂ ਢੂੰਡ ਲਿਆ ਹੈ। ਇਸ ਬਿਖਮ ਮਾਰਗ 'ਤੇ ਅਜੇ ਉਸ ਦੀਆਂ ਪੈੜਾਂ ਮੁਢਲੀਆਂ ਨੇ ਪਰ ਇਸ ਪੁਸਤਕ ਵਿਚਲੀਆਂ ਰਚਨਾਵਾਂ ਦੀ ਪਰਪੱਕਤਾ ਇਨ੍ਹਾਂ ਪੈੜਾਂ ਦੀ ਲੰਬੀ ਯਾਤਰਾ ਦੀ ਅਗਾਊਂ ਗਵਾਹੀ ਭਰਦੀ ਹੈ। ਪ੍ਰੀਤ ਮਨਪ੍ਰੀਤ ਦੇ ਉਤਸ਼ਾਹ ਤੇ ਡੂੰਘੀ ਲਗਨ ਤੋਂ ਜ਼ਾਹਿਰ ਹੈ ਕਿ ਉਸ ਨੇ ਸਾਹਾਂ 'ਚ ਰਚੀ ਕਵਿਤਾ ਦੇ ਨਾਲ਼-ਨਾਲ਼ ਜੀਅ ਕੇ ਹੋਰ ਨਵੇਂ ਮੁਕਾਮ ਹਾਸਲ ਕਰਨੇ ਨੇ। ਉਸ ਦੀ ਪਹਿਲੀ ਪੁਸਤਕ 'ਰੁੱਤਾਂ, ਦਿਲ ਤੇ ਸੁਫਨੇ' ਨੂੰ ਜੀ ਆਇਆਂ......!!

**-ਜਸਵਿੰਦਰ**
ਸਰੀ (ਕੈਨੇਡਾ)
ਅਕਤੂਬਰ 7, 2019.

# ਇੱਕ ਸਮਰੱਥ ਸ਼ਾਇਰ ਦਾ ਆਗਮਨ

ਪ੍ਰੀਤ ਮਨਪ੍ਰੀਤ, ਆਪਣਾ ਪਹਿਲਾ ਕਾਵਿ ਸੰਗ੍ਰਹਿ 'ਰੁੱਤਾਂ, ਦਿਲ ਤੇ ਸੁਫਨੇ' ਦੇ ਨਾਲ਼ ਪੰਜਾਬੀ-ਕਾਵਿ ਦੇ ਬੂਹੇ 'ਤੇ ਦਸਤਕ ਦੇ ਰਿਹਾ ਹੈ। ਉਸ ਦੀ ਸ਼ਾਇਰੀ ਚੋਂ ਵਿਚਰਦਿਆਂ ਇਹ ਭਲੀ-ਭਾਂਤ ਮਹਿਸੂਸ ਹੋਇਆ ਹੈ ਕਿ ਉਹ ਬੇਹੱਦ ਸੰਵੇਦਨਸ਼ੀਲ, ਸੰਜੀਦਾ ਤੇ ਹੱਸਾਸ ਵਿਅਕਤੀ ਹੈ। ਉਹ ਕਵਿਤਾ ਲਿਖਦਾ ਨਹੀਂ, ਕਵਿਤਾ ਜਿਉਂਦਾ ਹੈ। ਉਸਦੇ ਮਨ 'ਚੋਂ ਖ਼ਿਆਲ ਆਬਸ਼ਾਰ ਵਾਂਗ ਵਹਿੰਦੇ ਨੇ, ਨਿਰ ਉਚੇਚ। ਉਹ ਬੇਹੱਦ ਸੂਖ਼ਮ-ਭਾਵੀ ਹੈ, ਇਸੇ ਕਰਕੇ ਜਦੋਂ ਵੀ ਕਵਿਤਾ ਦੀ ਆਮਦ ਹੁੰਦੀ ਹੈ, ਤਾਂ ਸ਼ਬਦ ਬਹੁਤ ਸਹਿਜਤਾ ਨਾਲ਼ ਕੋਰੇ ਸਫ਼ਿਆਂ 'ਤੇ ਅਹਿਸਾਸ ਦੇ ਰੰਗ ਬਿਖੇਰਨ ਲੱਗਦੇ ਨੇ, ਜਿਵੇਂ ਤਿਤਲੀਆਂ ਉੱਡਦੀਆਂ ਨੇ ਤੇ ਪਾਠਕ ਮੰਤਰ- ਮੁਗਧ ਹੋਇਆ, ਖ਼ਿਆਲਾਂ ਦੀਆਂ ਤਿਤਲੀਆਂ ਪਿੱਛੇ ਆਪ-ਮੁਹਾਰਾ ਦੌੜਨ ਲੱਗਦਾ ਹੈ।

ਉਸ ਦੀ ਸ਼ਾਇਰੀ ਵਾਦ-ਵਿਵਾਦ ਨਹੀਂ, ਸੰਵਾਦ ਰਚਾਉਂਦੀ ਹੈ, ਕਦੇ ਸਮਾਜਿਕ ਸਰੋਕਾਰਾਂ ਨਾਲ਼ ਤੇ ਕਦੇ ਸਵੈ-ਸੰਵਾਦ। ਉਸਦੀ ਸ਼ਾਇਰੀ ਸ਼ੋਰ ਵਾਂਗ ਉੱਚੀ ਨਹੀਂ, ਖ਼ਾਮੋਸ਼ੀ ਵਾਂਗ ਗਹਿਰੀ ਹੈ। ਉਸਦੀ ਸ਼ਾਇਰੀ ਕੋਈ ਨਾਹਰਾ, ਭਾਸ਼ਨ, ਪ੍ਰਵਚਨ, ਨਸੀਹਤ ਜਾਂ ਉਪਦੇਸ਼ ਨਹੀਂ ਦਿੰਦੀ, ਤਰਕ, ਦਲੀਲ, ਸੰਦੇਸ਼ ਦਿੰਦੀ ਹੈ। ਉਹ ਅਖੌਤੀ ਬੌਧਿਕਤਾ ਦੀ ਹਉਮੈਂ 'ਚ ਅੰਨ੍ਹਾ ਨਹੀਂ, ਸਗੋਂ ਜਗਿਆਸੂ ਵਾਂਗ ਆਪਣੀ ਊਣੀ ਸੋਚ ਦਾ ਕਟੋਰਾ ਲੈ ਕੇ ਗਿਆਨ ਦੀ ਵੇਈਂ ਸਾਹਵੇਂ ਖੜ੍ਹਾ ਹੈ। ਉਹ ਕਿਸੇ ਫ਼ਲਸਫ਼ੇ ਦਾ ਪਾਠੀ ਨਹੀਂ, ਪਾਠਕ ਹੈ, ਗੋਸ਼ਟੀ ਰਚਾਉਂਦੇ 'ਨਾਨਕ' ਦਾ ਪੈਰੋਕਾਰ।

ਮਨਪ੍ਰੀਤ ਇੱਕੋ ਸਮੇਂ ਸਿਧਾਰਥ ਵੀ ਹੈ ਤੇ ਬੁੱਧ ਵੀ। ਸਿਧਾਰਥ ਹੋਣ ਸਮੇਂ ਉਸ ਨੂੰ ਹਵਾਵਾਂ 'ਚ ਮਹਿਕਦੇ ਸੰਗੀਤ ਜਿਹਾ, ਰੂਹਾਂ ਅੰਦਰਲੀ ਪਿਆਸ ਜਿਹਾ, ਤਿਤਲੀ ਵਾਂਗ ਫੁੱਲ ਤੇ ਬਹਿ ਉਸਦੀ ਮਹਿਕ ਮਾਨਣ ਜਿਹਾ, ਇਸ਼ਕ ਦੀ ਸ਼ਿੱਦਤ 'ਚ ਹੁਸੀਨ ਸੁਪਨਿਆਂ ਜਿਹਾ, ਨਗ਼ਮੇ ਵਾਂਗ ਗੁਣਗਣਾਉਣ ਜਿਹਾ, ਛੁਹ ਦੀ ਨਜ਼ਾਕਤ ਜਿਹਾ ਅਨੁਭਵ ਹੁੰਦਾ ਹੈ। ਬੁੱਧ ਹੁੰਦਿਆਂ ਬਣਵਾਸ, ਉਦਾਸੀ ਤੇ ਬੌਧਿਕਤਾ ਦਾ ਅਨੁਭਵ।

ਉਸ ਦੀ ਨੀਝ ਬੇਹਦ ਤੀਖਣ ਹੈ ਤੇ ਸੂਝ ਸੂਖ਼ਮ। ਉਹ ਅੰਬਰ ਦੀ ਚੁੰਨੀ ਤੇ ਤਾਰਿਆਂ ਦੇ ਫੁੱਲ ਸਜਾਉਣਾ ਜਾਣਦਾ ਹੈ, ਦਿਲ ਦੇ ਸਫ਼ੇ 'ਤੇ ਦਰਦ ਦੀ ਇਬਾਰਤ ਲਿਖ ਸਕਦਾ ਹੈ। ਮਨ ਦੇ ਵਲਵਲਿਆਂ ਨੂੰ ਸੁਰਾਂ 'ਚ ਢਾਲ਼ ਸਕਦਾ ਹੈ। ਕਿਸੇ ਦਾ

ਖ਼ਿਆਲ, ਮਨ ਦਾ ਵੇਗ, ਨੂਰੀ ਖ਼ਾਬ, ਵਸਲੀ ਪਲ ਜਦੋਂ ਮੂੰਹ-ਜ਼ੋਰ ਹੋ ਜਾਂਦੇ ਨੇ ਤਾਂ ਕਲਮ ਨੂੰ ਰੋਕਣਾ ਅਸੰਭਵ ਹੋ ਜਾਂਦਾ ਹੈ ਤੇ ਇਹ ਪਲ ਉਸ ਵਾਸਤੇ ਕਾਵਿ-ਸਿਰਜਣਾ ਹੋ ਨਿੱਬੜਦੇ ਨੇ। ਇਨ੍ਹਾਂ ਪਲਾਂ 'ਚ ਹੀ ਉਹ ਦਿਲ ਦੇ ਸਫ਼ੇ 'ਤੇ ਦਰਦ ਦਾ ਇਤਿਹਾਸ ਲਿਖਦਾ ਹੈ।

ਉਸਦਾ ਦ੍ਰਿਸ਼ਟੀਕੋਣ ਜ਼ਿੰਦਗੀ ਪ੍ਰਤੀ ਆਸ਼ਾਵਾਦੀ ਹੈ, ਤਦੇ ਹੀ ਉਹ ਆਪਣੇ ਦਿਲ ਦੀ ਜ਼ਰਖੇਜ਼ ਜ਼ਮੀਨ ਤੇ ਸੁਫਨੇ ਬੀਜਦਾ ਹੈ ਤੇ ਉਨ੍ਹਾਂ ਨੂੰ ਸਾਕਾਰ ਕਰਨ ਦੀ ਹਿੰਮਤ ਵੀ ਰੱਖਦਾ ਹੈ।

ਉਹ ਖੁੱਲ੍ਹੀ ਕਵਿਤਾ ਭਾਵ ਛੰਦ-ਮੁਕਤ ਕਵਿਤਾ ਤੇ ਗ਼ਜ਼ਲ ਵਰਗੀ ਛੰਦ-ਬੱਧ ਕਵਿਤਾ, ਇੱਕੋ ਜਹੀ ਸ਼ਿੱਦਤ ਅਤੇ ਪ੍ਰਵੀਨਤਾ ਨਾਲ਼ ਨਿਭਾਉਂਦਾ ਹੈ। ਅਜਿਹਾ ਬਹੁਤ ਘੱਟ ਸ਼ਾਇਰਾਂ ਦੇ ਹਿੱਸੇ ਆਉਂਦਾ ਹੈ। ਦਰਅਸਲ ਮਨਪ੍ਰੀਤ ਆਪਣੀ ਛੰਦ-ਮੁਕਤ ਕਵਿਤਾ ਵਿੱਚ ਵੀ ਲੈਅ ਤੇ ਤਾਲ ਦਾ ਪੱਲਾ ਹੱਥੋਂ ਨਹੀਂ ਜਾਣ ਦਿੰਦਾ, ਇਹੋ ਕਾਰਣ ਹੈ ਕਿ ਉਸਨੇ ਗ਼ਜ਼ਲ ਵਰਗੇ ਕਾਵਿ-ਰੂਪ ਵਿਚ ਬਹੁਤ ਘੱਟ ਸਮੇਂ 'ਚ ਮੁਹਾਰਤ ਹਾਸਿਲ ਕਰ ਲਈ ਹੈ। ਗ਼ਜ਼ਲ ਅਜਿਹਾ ਕਾਵਿ-ਰੂਪ ਹੈ, ਜਿਸ ਵਿਚ ਖ਼ਿਆਲਾਂ ਦੀ ਬੁਲੰਦੀ, ਵਿਸ਼ਾ-ਵਸਤੂ ਦੇ ਨਾਲ਼-ਨਾਲ਼ ਇਸਦੇ ਰੂਪਕ ਪੱਖ ਤੋਂ ਵੀ ਅਵੇਸਲਾ ਨਹੀਂ ਹੋਇਆ ਜਾ ਸਕਦਾ। ਵਜ਼ਨ-ਬਹਿਰ ਤੇ ਇਸਦੇ ਵਿਧੀ-ਵਿਧਾਨ ਦੀ ਪਾਬੰਦੀ ਨਿਹਾਇਤ ਜ਼ਰੂਰੀ ਹੈ। ਗ਼ਜ਼ਲ ਬਹਿਰ ਵਿਚ ਲਗ-ਮਾਤਰ ਦੀ ਵਾਧ-ਘਾਟ ਵੀ ਨਹੀਂ ਸਹਾਰਦੀ। ਮਨਪ੍ਰੀਤ ਨੂੰ ਇਲਮ-ਅਰੂਜ਼ ਦੀ ਜਾਣਕਾਰੀ ਹੈ। ਹਥਲੇ ਕਾਵਿ-ਸੰਗ੍ਰਹਿ ਵਿਚ ਉਸ ਨੇ ਕਈ ਬਹਿਰਾਂ ਸਫ਼ਲਤਾ ਸਹਿਤ ਨਿਭਾਈਆਂ ਹਨ।

ਗ਼ਜ਼ਲਗੋ ਨੂੰ 'ਫ਼ਨ-ਏ-ਸ਼ਾਇਰੀ', ਭਾਵ ਸ਼ਾਇਰੀ ਦੇ ਗੁਣਾਂ ਬਾਰੇ ਜਾਣਕਾਰੀ ਹੋਣੀ ਜ਼ਰੂਰੀ ਹੈ। ਗ਼ਜ਼ਲ ਦੇ ਸ਼ਿਅਰ ਵਿਚ ਜ਼ੁਬਾਨਦਾਨੀ, ਅੰਦਾਜ਼ ਏ ਬਿਆਨ, ਤਕਾਬੁਲ, ਤਕਰਾਰ, ਤਜ਼ਾਦ, ਸਿਲਾਸਤ, ਮੁਬਾਲ਼ਗਾ, ਟੁਕੜੀਆਂ ਦੀ ਵਰਤੋਂ, ਮੰਜ਼ਰ-ਕਸ਼ੀ ਤੇ ਹੋਰ ਅਨੇਕਾਂ ਗੁਣ ਹੋਣੇ ਜ਼ਰੂਰੀ ਨੇ। ਮਨਪ੍ਰੀਤ ਦੀਆਂ ਇਸ ਕਾਵਿ-ਸੰਗ੍ਰਹਿ ਵਿਚ ਸ਼ਾਮਿਲ ਗ਼ਜ਼ਲਾਂ ਵਿੱਚ ਅਜਿਹੇ ਅਨੇਕਾਂ ਕਾਵਿਕ ਗੁਣ ਮਿਲ਼ਦੇ ਨੇ।

ਮੈਂ ਮਨਪ੍ਰੀਤ ਦੇ ਪਲੇਠੇ ਕਾਵਿ-ਸੰਗ੍ਰਹ 'ਰੁੱਤਾਂ, ਦਿਲ ਤੇ ਸੁਫਨੇ' ਦਾ ਤਹਿ-ਦਿਲੋਂ ਸਵਾਗਤ ਕਰਦਾ ਹਾਂ ਤੇ ਆਸ ਕਰਦਾ ਹੈ ਕਿ ਇਹ ਕਾਵਿ-ਸੰਗ੍ਰਹਿ ਪਾਠਕਾਂ ਦੇ ਸੁਹਜ-ਸਵਾਦ ਦੀ ਭਰਪੂਰ ਤ੍ਰਿਪਤੀ ਕਰੇਗਾ। ਮੈਂ ਭਵਿੱਖ ਵਿੱਚ ਇਸ ਤੋਂ ਵੀ ਚੰਗੇਰੀਆਂ ਕਲਾ-ਕਿਰਤਾਂ ਦੀ ਆਸ ਕਰਦਾ ਹਾਂ।

ਤੁਹਾਡਾ ਆਪਣਾ,

**ਕ੍ਰਿਸ਼ਨ ਭਨੋਟ**

ਅਗਸਤ 17, 2019

ਸਰੀ ( ਕੈਨੇਡਾ)

# ਬਿਆਨ-ਨਾਮਾ

ਮੈਨੂੰ ਤੁਰਨਾ ਬਹੁਤ ਪਸੰਦ ਏ...ਤੁਰਦੇ ਰਹਿਣਾ ਤੇ ਜ਼ਿੰਦਗੀ ਵਿੱਚ ਲਗਾਤਾਰ ਅੱਗੇ ਵਧਦੇ ਰਹਿਣਾ। ਤੁਰਨਾ ਗਤੀਸ਼ੀਲਤਾ ਦੀ ਨਿਸ਼ਾਨੀ ਏ, ਨਿਰੰਤਰ ਮੰਜ਼ਿਲ ਵੱਲ ਵਧਣ ਦੀ.....ਤੁਹਾਡੇ ਜਿਉਂਦੇ-ਜਾਗਦੇ, ਨਰੋਏ ਅਤੇ ਵਿਕਾਸਮੁਖੀ ਹੋਣ ਦੀ। ਖੜ੍ਹੇ ਪਾਣੀਆਂ ਦੇ ਬੁੱਸ ਜਾਣ ਦੇ ਕਥਨ ਵਾਂਗ ਖੜੋਤ ਚਾਹੇ ਕਦਮਾਂ ਦੀ ਹੋਵੇ, ਜੀਵਨ ਅੰਦਰਲੀ ਹੋਵੇ ਜਾਂ ਸੋਚਾਂ-ਵਿਚਾਰਾਂ ਦੀ, ਮੈਨੂੰ ਮੁੱਢ ਤੋਂ ਅਸਹਿਜ ਕਰ ਦਿੰਦੀ ਏ।

ਇੰਝ ਜ਼ਿੰਦਗੀ ਦੇ ਉੱਬੜ-ਖਾਬੜ ਸਫ਼ਰ 'ਤੇ ਸਹਿਜ ਨਾਲ਼ ਪਰ ਸਾਬਤ ਕਦਮੀਂ ਤੁਰਦਿਆਂ ਕਦਮ ਅਤੇ ਕਲਮ ਦਾ ਸਾਥ ਬਣਿਆ ਰਿਹਾ। ਇਸ ਸਫ਼ਰ ਦੌਰਾਨ ਭਾਵੇਂ ਬਹੁਤ ਵਾਰ ਸਮਿਆਂ ਨੇ ਮੈਨੂੰ ਲਤਾੜਿਆ, ਹਰ ਕਦਮ ਨਵੀਂ ਚੁਣੌਤੀ ਨੇ ਵੰਗਾਰਿਆ ਪਰ ਇਸ ਅਣਸੁਖਾਵੇਂ ਦੌਰ ਨੇ ਮੈਨੂੰ ਤੇ ਮੇਰੀ ਕਵਿਤਾ ਨੂੰ ਹੋਰ ਵੀ ਨਿਖ਼ਾਰਿਆ। ਇਸ ਉੱਸਰਣ-ਢਹਿਣ ਤੇ ਉਧੇੜ-ਬੁਣ 'ਚ ਖ਼ੁਦ ਨੂੰ ਹੋਰ ਵੀ ਨੇੜੇ ਤੋਂ ਜਾਣਨ ਦਾ ਮੌਕਾ ਮਿਲ਼ਿਆ ਅਤੇ ਕਵਿਤਾ ਮੇਰਾ ਪ੍ਰਛਾਵਾਂ ਤੇ ਪਹਿਚਾਣ ਬਣ ਕੇ ਸਦਾ ਅੰਗ-ਸੰਗ ਰਹੀ। ਨਾਸਾਜ਼ ਹਾਲਾਤ ਅੰਦਰ ਇਸ ਨੇ ਮਾਂ ਦੀ ਗੋਦ ਵਰਗਾ ਨਿੱਘ ਤੇ ਆਸਰਾ ਦਿੱਤਾ, ਕਦੇ ਮਹਿਬੂਬ ਵਾਂਗ ਰੂਹ ਨੂੰ ਸਕੂਨ ਤੇ ਅੱਗੇ ਵਧਣ ਦਾ ਜਨੂੰਨ ਬਖ਼ਸ਼ਿਆ। ਜਦੋਂ ਵੀ ਬਾਹਰੀ ਸ਼ੋਰ-ਸ਼ਰਾਬੇ ਉੱਪਰ ਦਿਲ ਦੀ ਵੇਦਨਾ ਤੇ ਸੰਵੇਦਨਾ ਭਾਰੂ ਹੋਈ, ਕਵਿਤਾ ਸਿਰਜੀ ਗਈ। ਜਦ ਮੈਂ ਸਹਿਜ ਤੇ ਇਕਾਗਰ ਹੋ ਕੇ ਖ਼ੁਦ ਨਾਲ਼ ਸੰਵਾਦ ਰਚਾਇਆ, ਕਵਿਤਾ ਨੇ ਉਸੇ ਪਲ-ਛਿਣ ਮੇਰੇ ਕੋਲ਼ ਆ ਕੇ ਮੈਨੂੰ ਆਪਣੀ ਹਿੱਕ ਨਾਲ਼ ਲਾਇਆ। ਜਦੋਂ ਮੈਂ ਯਥਾਰਥ ਦੀ ਧਰਾਤਲ 'ਤੇ ਖੜ੍ਹਾ ਹੋ ਕੇ ਮਸਨੂਈ ਚੀਜ਼ਾਂ-ਵਸਤਾਂ ਤੋਂ ਵਿੱਥ ਪਾ ਕੁਦਰਤ ਦੇ ਨਜ਼ਦੀਕ ਗਿਆ, ਉਦੋਂ ਮੈਂ ਕਵਿਤਾ ਨੂੰ ਉਹਦੀ ਨਿਰਮਲਤਾ ਤੇ ਨਿਰਛਲਤਾ ਸਮੇਤ ਓਥੇ ਹਾਜ਼ਰ ਪਾਇਆ। ਇਸੇ ਕਰਕੇ ਕਵਿਤਾ ਮੇਰੇ ਲਈ ਸਦਾ ਆਪਣੇ ਅਨੁਭਵ, ਖ਼ਿਆਲ ਜਾਂ ਜਜ਼ਬਿਆਂ ਨੂੰ ਕਾਗਜ਼ ਤੇ ਉਤਾਰਣ ਤੋਂ ਪਹਿਲਾਂ ਰੂਹ ਨੂੰ ਲਰਜ਼ਾ ਦੇਣ ਵਾਲ਼ਾ ਆਤਮ-ਸੰਤੁਸ਼ਟੀ ਦਾ ਅਹਿਸਾਸ ਰਹੀ ਹੈ। ਹਥਲੀ ਪੁਸਤਕ ਅੰਦਰਲੀਆਂ ਕਵਿਤਾਵਾਂ ਜੀਵਨ-ਸਫ਼ਰ ਦੇ ਅਲੱਗ-ਅਲੱਗ ਥਾਵਾਂ, ਰਾਹਵਾਂ ਅਤੇ ਪੜਾਵਾਂ 'ਤੇ ਰਚੀਆਂ ਹੋਣ ਕਾਰਨ ਵੱਖੋ-ਵੱਖ ਰੰਗਾਂ, ਵਿਸ਼ਿਆਂ, ਅਨੁਭਵਾਂ ਜਾਂ ਮਨੋਸਥਿਤੀਆਂ ਦਾ ਬਿਆਨਨਾਮਾ ਨੇ।

ਕਾਲਜ ਸਮੇਂ ਦੌਰਾਨ ਕਵਿਤਾ-ਲੇਖਣ ਮੁਕਾਬਲਿਆਂ ਵਿੱਚ ਮਿਲੀ ਮੁਢਲੀ

ਸਫ਼ਲਤਾ ਤੋਂ ਸ਼ੁਰੂ ਹੋਇਆ ਇਹ ਕਲਮੀ ਸਫ਼ਰ ਅੱਜ ਇੱਕ ਪੁਸਤਕ ਦਾ ਰੂਪ ਲੈ ਕੇ ਮੇਰੇ ਲਈ ਇਕ ਮਹੱਤਵਪੂਰਨ ਪੜਾਅ 'ਤੇ ਪੁੱਜ ਚੁੱਕਾ ਹੈ। ਕਵਿਤਾ ਲਿਖਣ ਤੋਂ ਲੈ ਕੇ ਉਸ ਦੇ ਕਿਤਾਬੀ ਰੂਪ ਲੈਣ ਦੀ ਸਾਰੀ ਪ੍ਰਕ੍ਰਿਆ ਸੱਚਮੁੱਚ ਇਕ ਘਾਲਣਾ ਹੈ ਤੇ ਇਸ ਸਾਹਿਤਕ-ਘਾਲਣਾ ਵਿੱਚ ਸਹਿਯੋਗ ਲਈ ਮੈਂ ਉਸਤਾਦ ਕ੍ਰਿਸ਼ਨ ਭਨੋਟ, ਜਸਵਿੰਦਰ, ਬਖ਼ਸ਼ਿੰਦਰ, ਅੰਮ੍ਰਿਤ ਦੀਵਾਨਾ, ਕੋਮਲ ਸਿੰਘ ਅਤੇ ਕਮਲਜੀਤ ਹੁਰਾਂ ਦਾ ਬਹੁਤ ਸ਼ੁਕਰਗੁਜ਼ਾਰ ਹਾਂ। ਇਸ ਦੇ ਨਾਲ਼-ਨਾਲ਼ ਮੈਂ ਰਿਣੀ ਹਾਂ ਸਾਰੇ ਆਪਣਿਆਂ ਦਾ, ਪਿਆਰਿਆਂ ਦਾ ਜਿਨ੍ਹਾਂ ਦੇ ਹਿੱਸੇ ਦਾ ਸਮਾਂ ਮੈਂ ਕਵਿਤਾ ਜਾਂ ਸਾਹਿਤਕ ਸਰਗਰਮੀਆਂ ਦੇ ਲੇਖੇ ਲਾਇਆ। ਮੈਂ 'ਗ਼ਜ਼ਲ ਮੰਚ ਸਰੀ' ਅਤੇ 'ਕਲਮੀ ਪਰਵਾਜ਼ ਮੰਚ' ਸੰਸਥਾਵਾਂ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਨਾਲ਼ ਜੁੜਿਆ ਹੋਣ ਕਰ ਕੇ ਲਗਾਤਾਰ ਚੰਗਾ ਸੁਣਨ ਤੇ ਲਿਖਣ-ਬੋਲਣ ਦਾ ਮੌਕਾ ਮਿਲ਼ਿਆ ਜਿਸ ਨੇ ਮੇਰੀ ਸ਼ਾਇਰੀ ਨੂੰ ਨਿਖ਼ਾਰਨ ਵਿਚ ਅਹਿਮ ਯੋਗਦਾਨ ਪਾਇਆ। ਇਹ ਮੇਰੀ ਪਲੇਠੀ ਕਿਤਾਬ ਹੋਣ ਕਰਕੇ ਇਸ ਵਿਚ ਉਕਾਈਆਂ ਦੀ ਸੰਭਾਵਨਾ ਤੋਂ ਵੀ ਇਨਕਾਰ ਨਹੀਂ ਕਰ ਸਕਦਾ। ਆਪ ਸਭ ਤੋਂ ਬਹੁਮੁੱਲੇ ਸੁਝਾਵਾਂ ਅਤੇ ਟਿੱਪਣੀਆਂ ਦੀ ਆਸ ਰੱਖਦਾ ਹੋਇਆ ਮੈਂ ਇਹ ਕਿਤਾਬ ਤੁਹਾਡੇ ਹਵਾਲੇ ਕਰਨ ਦੀ ਖ਼ੁਸ਼ੀ ਲੈ ਰਿਹਾ ਹਾਂ।

ਹੁੰਗਾਰੇ ਦੀ ਉਡੀਕ ਵਿੱਚ,

**-ਪ੍ਰੀਤ ਮਨਪ੍ਰੀਤ**

## ਆਦਿਕਾ

ਮੀਤ ਕਹੇ ਮੇਰਾ ਗੀਤ ਲਿਖੀਂ
ਯਾਰ ਕਹੇ ਮੇਰਾ ਹਾਲ ਲਿਖੀਂ।
ਦਿਲ ਆਖੇ ਜੋ ਧਰਤ ਹਿਲਾ ਦੇ
ਐਸਾ ਕੋਈ ਖ਼ਿਆਲ ਲਿਖੀਂ।

ਕੋਈ ਕਹਿੰਦਾ ਸ਼ਹਿਰ ਹੈ ਜ਼ਾਲਮ
ਕਹਿਣਾ ਸੱਚ ਮੁਨਾਸਿਬ ਨਾ
ਫਿਰ ਵੀ ਕੂੜ-ਪਸਾਰੇ ਅੰਦਰ
ਸੱਚ ਦਾ ਦੀਵਾ ਬਾਲ਼ ਲਿਖੀਂ।

ਊਣੇ-ਹੀਣੇ, ਹੱਕੋਂ ਵਾਂਝੇ
ਲੋਕਾਂ ਦੀ ਆਵਾਜ਼ ਬਣੀਂ
ਦਰਦ ਉਨ੍ਹਾਂ ਦਾ ਚਿਤਰਨ ਵੇਲੇ
ਜੋ ਵੀ ਲਿਖੇਂ, ਕਮਾਲ ਲਿਖੀਂ।

ਐਸਾ ਵੇਲ਼ਾ ਵੀ ਆਉਂਦਾ ਏ
ਸਾਹ ਵੀ ਪੱਥਰ ਹੋ ਜਾਂਦੇ
ਰੀਝਾਂ ਬਾਝੋਂ ਹੋ ਜਾਂਦਾ ਏ
ਜੀਣਾ ਕਿੰਝ ਮੁਹਾਲ ਲਿਖੀਂ।

ਇਹ ਕੇਹਾ ਮੌਸਮ ਹੈ ਯਾਰੋ
ਪੌਣ 'ਚ ਚੁੱਪ ਦਾ ਪਹਿਰਾ ਏ
ਕਿਹੜਾ ਦਿਵਸ ਮਹੀਨਾ ਚੜ੍ਹਿਆ
ਚੜ੍ਹਿਆ ਕਿਹੜਾ ਸਾਲ ਲਿਖੀਂ।

ਇਸ ਪੁਸਤਕ ਵਿਚ ਲਿਖਿਆ ਜੋ ਵੀ
ਕੁਝ ਤੇਰਾ, ਕੁਝ ਮੇਰਾ ਏ
ਰਸਮੀਂ ਟਿੱਪਣੀ ਕਰਨੋਂ ਪਹਿਲਾਂ
ਅਪਣਾ ਹਾਲ-ਹਵਾਲ ਲਿਖੀਂ।

•

## ਸਾਡੇ ਸਮਿਆਂ ਦੇ ਬੁੱਧ

ਘਰੋਂ ਤੁਰਨਾ
ਤੇ ਬੁੱਧ ਬਣ ਮੁੜਨਾ
ਹਰ ਕਿਸੇ ਦਾ ਹਾਸਲ ਨਹੀਂ ਹੁੰਦਾ…

ਅਸੀਂ ਰੋਜ਼ ਸੁਬ੍ਹਾ
ਮਹਿਲਾਂ ਦਾ ਤਿਆਗ ਨਹੀਂ,
ਮਹਿਲਾਂ ਦਾ ਖ਼ਾਬ ਲੈ ਕੇ
ਘਰੋਂ ਨਿਕਲਦੇ ਹਾਂ

ਹਰ ਸ਼ਾਮ ਚਿਹਰੇ ਉੱਪਰ
ਹਾਰੇ ਹੋਏ ਯੋਧੇ ਦੀ ਪਛਾਣ
ਤੇ ਰਸਮੀ ਮੁਸਕਾਣ ਲੈ ਕੇ
ਤਨ-ਮਨ ਉੱਪਰ ਵਰ੍ਹਿਆਂ ਦੇ
ਬਣਵਾਸ ਦੀ ਥਕਾਨ ਲੈ ਕੇ
ਘਰਾਂ ਨੂੰ ਪਰਤ ਆਉਂਦੇ ਹਾਂ...

ਘਰ ਦੀ ਦੇਹਲੀ 'ਤੇ ਉੱਗਿਆ
ਗ਼ੁਰਬਤ ਦਾ ਕੰਡਿਆਲ਼ਾ ਬੂਟਾ
ਸਾਰਾ-ਸਾਰਾ ਦਿਨ ਸਾਡੀ
ਰੂਹ ਨੂੰ ਝੰਜੋੜਦਾ ਏ
ਸਾਡੇ ਕਦਮਾਂ ਦੀ ਦਿਸ਼ਾ
ਵਾਰ-ਵਾਰ ਘਰ ਵੱਲ ਮੋੜਦਾ ਏ
ਰੋਜ਼ ਸਾਡਾ ਨਾਤਾ ਸੰਸਾਰ ਵਰਗੇ
'ਦੁੱਖਾਂ ਦੇ ਘਰ' ਨਾਲ਼ ਜੋੜਦਾ ਏ...

ਉਸੇ ਬੂਟੇ ਦੇ ਕੰਡੇ ਚੁਗਦੀ
ਯਸ਼ੋਧਾ ਦਾ ਖ਼ਿਆਲ
ਸਾਨੂੰ ਗਯਾ ਦੇ ਬਿਰਖ ਹੇਠ
ਨਹੀਂ ਖਲੋਣ ਦਿੰਦਾ
ਤੇ ਘਰੇ ਭੁੱਖਾ ਵਿਲਕਦਾ ਰਾਹੁਲ
ਸਾਨੂੰ ਬੁੱਧ ਨਹੀਂ ਹੋਣ ਦਿੰਦਾ...।
●

## ਮਾਂ ਦੀ ਸਿਲਾਈ ਮਸ਼ੀਨ

ਮੈਨੂੰ ਛੋਟੇ ਹੋਣ ਤੋਂ ਹੀ ਸੁਣਦੀ ਰਹੀ
ਮਾਂ ਦੀ ਸਿਲਾਈ ਮਸ਼ੀਨ ਦੀ ਅਵਾਜ਼
ਕਦੇ ਉਹ ਜਾਪਦੀ ਸੀ ਬੇਲੋੜਾ ਸ਼ੋਰ
ਤੇ ਕਦੇ ਉਸ ਨਾਲ਼ ਘੁਲ਼ ਜਾਂਦਾ ਸੀ
ਸਾਡੇ ਸਾਹਾਂ ਅੰਦਰ
ਲੋਰੀ ਜਿਹੀ ਮਿਠਾਸ ਦਾ ਅਹਿਸਾਸ,
ਹੌਲ਼ੀ-ਹੌਲ਼ੀ ਇਹ ਅਵਾਜ਼
ਜ਼ਿੰਦਗੀ ਦਾ ਹਿੱਸਾ ਹੀ ਬਣ ਗਈ...

ਮਾਂ ਹਰ ਰੋਜ਼ ਮਸ਼ੀਨ ਚਲਾਉਂਦੀ
ਤੇ ਢਕਦੀ ਰਹੀ

ਸਾਰੇ ਪਰਿਵਾਰ ਦੇ ਕਜ
ਲਾਉਂਦੀ ਰਹੀ
ਉੱਧੜੀ-ਛਿੱਜੀ ਜ਼ਿੰਦਗੀ,
ਲੀਰੋ-ਲੀਰ ਹੋਏ ਹਾਲਾਤ ਨੂੰ
ਮੇਲ-ਇਤਫ਼ਾਕ ਦੀਆਂ ਟਾਕੀਆਂ
ਤੇ ਫਟੀ ਹੋਈ ਆਰਥਕਤਾ ਨੂੰ
ਸੂਝ-ਸਿਆਣਪ ਦੇ ਤੋਪੇ,
ਪਰਿਵਾਰ ਨਾਂ ਦਾ ਵਸਤਰ ਉਹਨੇ ਕਦੇ
ਲੀਰੋ-ਲੀਰ ਨਹੀਂ ਹੋਣ ਦਿੱਤਾ...

ਮਾਂ ਆਪਣੇ ਹੀਲੀਂ-ਵਸੀਲੀਂ
ਸਾਡਾ ਤਨ ਬਚਾਉਂਦੀ ਰਹੀ
ਹੱਡ-ਚੀਰਵੀਆਂ ਠੰਢਾਂ
ਪਿੰਡਾ-ਲੂੰਹਦੀਆਂ ਧੁੱਪਾਂ
ਤੇ ਸਮੇਂ ਦੀਆਂ ਗਰਮ ਹਵਾਵਾਂ ਤੋਂ
ਉਹ ਢਾਲ ਬਣ ਕੇ ਵਕਤ ਦਾ ਸੇਕ
ਆਪਣੇ ਤਨ-ਮਨ ’ਤੇ ਜਰਦੀ ਰਹੀ
ਨਾਸਾਜ਼ ਹਾਲਾਤ ਨਾਲ ਉਹ
ਸਾਡੇ ਵੀ ਹਿੱਸੇ ਦਾ ਯੁੱਧ ਲੜਦੀ ਰਹੀ
ਆਪਣੇ ਸੰਧੂਰੀ ਚਾਅ
ਪਰਿਵਾਰ ਤੋਂ ਨਿਛਾਵਰ ਕਰਦਿਆਂ
ਤੇ ਜ਼ਿੰਦਗੀ ਦੇ ਜ਼ਹਿਰ ਦੇ ਘੁੱਟ
ਸਬਰ ਨਾਲ ਭਰਦਿਆਂ
ਉਹ ਸਬਰ ਤੋਂ ਕਬਰ ਤੱਕ ਜਾ ਪਹੁੰਚੀ...

ਅੱਜ ਮੈਂ ਗ਼ੈਰ-ਮੁਲਕ ਵਿਚ
ਮਾਂ ਅਤੇ ਮਾਤ-ਭੂਮੀ
ਦੋਹਾਂ ਦੇ ਨਿੱਘ ਤੋਂ ਵਿਰਵਾ

ਇਕਲਾਪੇ ਦੀ ਠੰਢ 'ਚ ਠਰਦਾ ਹਾਂ
ਮਸ਼ੀਨਾਂ ਦੀ ਖੜ-ਖੜ ਦੇ ਸ਼ੋਰ ਅੰਦਰ
ਸਿੱਕੇ ਕਮਾਉਣ ਦੀ ਹੋੜ ਅੰਦਰ
ਮੈਂ ਫ਼ਾਸਲਿਆਂ ਦੀ ਕਸਕ ਜਰਦਾ ਹਾਂ
ਕਦੇ ਮੈਂ ਖ਼ੁਦ ਇੱਕ ਮਸ਼ੀਨ ਬਣ ਕੇ
ਮਨ ਅੰਦਰਲੇ ਖ਼ਲਾਅ ਨੂੰ
ਕਿਸੇ ਅਣਚਾਹੇ ਸ਼ੋਰ ਨਾਲ ਭਰਦਾ ਹਾਂ
ਤੇ ਕਦੇ ਇਸੇ ਸ਼ੋਰ ਅੰਦਰੋਂ
ਸਿਲਾਈ ਮਸ਼ੀਨ ਦੀ ਅਵਾਜ਼ ਜਿਹਾ
ਮਿੱਠਾ ਸੰਗੀਤ ਢੂੰਢਣ ਦੀ ਕੋਸ਼ਿਸ਼ ਕਰਦਾ ਹਾਂ...

ਪਰ ਉਹ ਮਸ਼ੀਨ ਤਾਂ
ਬੱਸ ਇੱਕ ਯਾਦ ਬਣ ਕੇ
ਦਿਲ ਦੇ ਕਿਸੇ ਕੋਨੇ 'ਚ ਬਹਿ ਗਈ ਏ
ਜਾਂ ਫਿਰ ਦੂਰ ਵਤਨ ਖ਼ਸਤਾ ਹਾਲ
ਘਰ ਦੀ ਕਿਸੇ ਨੁੱਕਰੇ ਪਈ ਏ...

ਹੁਣ ਵਾਤਾਨਕੂਲ ਘਰਾਂ ਅੰਦਰ
ਮੋਹ ਤੋਂ ਸੱਖਣੇ ਦਰਾਂ ਅੰਦਰ
ਜਾਪੇ ਜਿਉਂ ਚੁੱਪ ਤੇ ਉਦਾਸੀ ਬਗ਼ੈਰ
ਕੋਈ ਹੋਰ ਨਹੀਂ ਰਹਿੰਦਾ
ਹੁਣ ਮਾਂ ਦੀ ਨਿੱਘੀ ਗੋਦ
ਤੇ ਘਰ ਅੰਦਰ ਉਸ ਦੀ
ਸਿਲਾਈ ਮਸ਼ੀਨ ਬਗ਼ੈਰ
ਪਰਿਵਾਰ ਨਾਂ ਦਾ ਵਸਤਰ ਵੀ
ਸੱਚੀਂ ਕੋਈ ਨਿੱਘ ਨਹੀਂ ਦਿੰਦਾ,
ਸੱਚੀਂ ਹੀ ਕੋਈ ਨਿੱਘ ਨਹੀਂ ਦਿੰਦਾ...।
•

## ਬੋਲ

ਬਹੁਤ ਬੋਲਿਆ ਹਾਂ ਮੈਂ
ਕਦੇ ਸੱਥਾਂ 'ਚ
ਕਦੇ 'ਕੱਠਾਂ 'ਚ
ਬਹੁਤ ਉਲਝਿਆ ਹਾਂ ਮੈਂ
ਕਦੇ ਖ਼ੁਦ ਨਾਲ
ਕਦੇ ਖ਼ੁਦਾ ਨਾਲ
ਤੇ ਕਦੇ ਖ਼ੁਦ ਨਾਲੋਂ
ਹਰ ਵਿਚਾਰ ਜੁਦਾ ਨਾਲ....

ਆਖ਼ਰ ਕਦ ਤੱਕ ਮੇਰੇ ਬੋਲ
ਮੇਰੀ 'ਮੈਂ' ਦੇ ਹੱਕ 'ਚ ਖਲੋਣ
ਕਦ ਤੱਕ ਮੇਰੇ ਅਲਫ਼ਾਜ਼
ਮੇਰੀ ਦਾਨਿਸ਼ਵਰੀ ਦਾ ਭਾਰ ਢੋਣ
ਤਾਂ ਹੀ ਹੁਣ ਜਾਪਦਾ ਏ ਮੈਨੂੰ
ਜਿਉਂ ਮੇਰੇ ਸੱਭੇ ਬੋਲ
ਸੱਭੇ ਸ਼ਬਦ
ਨਿਰੇ ਅਰਥਹੀਣ ਹੋ ਗਏ ਹੋਣ...

ਕਾਇਨਾਤ ਅੰਦਰ ਬੜਾ ਕੁਝ
ਅਣਕਿਹਾ-ਅਣਸੁਣਿਆ ਪਿਆ ਏ
ਹਵਾਵਾਂ ਨੂੰ ਭਲਾ ਕਦ ਲੋੜ

ਕਿਸੇ ਹੁੰਗਾਰੇ ਦੀ
ਸੂਰਜ ਕਦ ਕਿਸੇ ਦੀ ਮਰਜ਼ੀ ਪੁੱਛੇ
ਤੇ ਬਾਰਿਸ਼ ਨੂੰ ਵਰ੍ਹਨ ਖ਼ਾਤਰ
ਲੋੜ ਕੀ ਕਿਸੇ ਇਸ਼ਾਰੇ ਦੀ...

ਇਹ ਸਭ ਜਾਣ ਕੇ
ਮੈਂ ਆਪਣੇ ਬੋਲਾਂ ਅੰਦਰਲੀ
ਅਰਥਹੀਣਤਾ ਦਾ ਪੱਲਾ ਛੱਡ
ਖ਼ਾਮੋਸ਼ੀ ਦੇ ਵਿਸ਼ਾਲ ਅਰਥ ਜਾਣਦਾ ਹਾਂ
ਹੁਣ ਮੈਂ ਬੋਲਾਂ ਤੋਂ ਉਪਜੇ
ਅੰਤਰ-ਦਵੰਦ ਦਾ ਖ਼ਾਤਮਾ ਕਰ ਕੇ
ਅੰਤਰ-ਸੰਵਾਦ ਦਾ ਰਾਹ ਪਛਾਣਦਾ ਹਾਂ
ਹੁਣ ਮੈਂ ਜੁਗਨੂੰਆਂ ਜਿਹੇ ਹਰਫ਼ ਲੈ ਕੇ
ਹਨੇਰੇ ਦੀ ਹਿੱਕ 'ਤੇ ਨਹੀਂ ਤੈਰਦਾ
ਸਗੋਂ ਕਿਸੇ ਤਿਤਲੀ ਵਾਂਗ
ਸਹਿਜਤਾ ਦੇ ਫੁੱਲ 'ਤੇ ਬਹਿ ਕੇ
ਅੰਦਰੂਨੀ ਮਹਿਕ ਮਾਣਦਾ ਹਾਂ....

ਹੁਣ ਮੈਂ ਸ੍ਵੈ-ਸਿਰਜੇ
ਸ਼ਬਦਾਂ ਦੇ ਜੰਗਲ ਅੰਦਰੋਂ
ਰਾਹਾਂ ਦੀ ਭਟਕਣ 'ਚ ਘਿਰੇ
ਆਪਣੇ ਮਨ ਨੂੰ ਬਣਵਾਸ ਲਈ
ਵਿਦਾਈ ਦਿੰਦਾ ਹਾਂ
ਅੱਜ ਮੈਂ ਬੋਲਾਂ ਦਾ
ਸ਼ੋਰੀਲਾ-ਭਰਮ ਜਾਲ ਤੋੜਦਿਆਂ
ਆਪਣੀ ਰੂਹ ਨੂੰ ਸੋਚ ਦੇ
ਸੌੜੇ ਘੇਰਿਓਂ ਰਿਹਾਈ ਦਿੰਦਾ ਹਾਂ.....
•

## ਨਦੀ ਤੇ ਕਿਨਾਰੇ

ਨਦੀ ਵਗਦੀ ਰਹੀ
ਸ਼ਾਂਤ
ਇਕਸਾਰ
ਨਿਰਵਿਚਾਰ
ਤੇ ਕਿਨਾਰੇ ਦਿੰਦੇ ਰਹੇ
ਓਸ ਨੂੰ ਮਨਚਾਹੀ ਦਿਸ਼ਾ...

ਇੱਕ ਦਿਨ
ਨਦੀ ਭਰ ਕੇ ਉੱਛਲੀ
ਤੋੜ ਗਈ ਸਭ ਕਿਨਾਰੇ
ਸਭ ਹੱਦਾਂ ਬੰਨੇ
ਉਲੰਘ ਗਈ ਉਹ
ਮਰਯਾਦਾ ਦੀਆਂ ਸੌੜੀਆਂ ਪਗਡੰਡੀਆਂ
ਕਰ ਗਈ ਰਸਮਾਂ ਦੇ
ਟੋਏ ਟਿੱਬੇ ਇਕਸਾਰ
ਖੁਰ ਗਈਆਂ ਸਦੀਆਂ ਪੁਰਾਣੀਆਂ
ਬੰਦਸ਼ਾਂ ਦੀਆਂ ਬੋਦੀਆਂ ਦੀਵਾਰਾਂ
ਪਲਕ ਝਪਕਦੇ ਵਾਰੋ-ਵਾਰ...

ਡੋਲੀ ਫਿਰ ਜ਼ੋਰਾਵਰਾਂ ਦੀ ਸਲਤਨਤ
ਮੱਚ ਗਈ ਹਾਲ ਦੁਹਾਈ
ਰੋਕਣ ਲਈ ਉਸ ਨੂੰ ਦੌੜਿਆ
ਤਹਿਜ਼ੀਬ ਦੇ ਮੁਹਾਫ਼ਿਜ਼ਾਂ ਦਾ ਕਾਫ਼ਲਾ
ਪਰ ਲਗਾਤਾਰ ਵਧਦਾ ਰਿਹਾ
ਨਦੀ ਦੀ ਰਫ਼ਤਾਰ
ਤੇ ਕਿਨਾਰਿਆਂ ਦੇ
ਅਹੰਕਾਰ ਵਿਚਲਾ ਫ਼ਾਸਲਾ...

ਨਦੀ ਦਾ ਪਸਾਰ ਵਧਦਾ ਗਿਆ
ਦੂਰ ਬਹੁਤ ਦੂਰ ਤੱਕ
ਨਜ਼ਰਾਂ ਦੀ ਹੱਦ ਤੋਂ ਵੀ ਪਾਰ
ਤੇ ਕਿਨਾਰੇ ਥਾਂ ਦੀ ਥਾਂ ਖੜ੍ਹੇ ਤੱਕਦੇ ਰਹੇ
ਨਦੀ ਨੂੰ ਬੇਜ਼ੁਬਾਨ ਤੋਂ ਬੇਲਗਾਮ ਹੁੰਦਿਆਂ..

ਕਿਨਾਰੇ ਬੱਸ ਖ਼ਾਮੋਸ਼ ਗਵਾਹ ਬਣੇ ਰਹੇ
ਨਦੀ ਦੇ ਸਦੀਆਂ ਪੁਰਾਣੇ ਹਾਲ ਦੇ
ਨਦੀ ਦੀ ਬੱਝਵੀਂ ਤੇ ਸ਼ਾਂਤ ਚਾਲ ਦੇ
ਨਦੀ ਅੰਦਰ ਇੱਕ ਦਿਨ,
ਇਕਦਮ ਆਏ ਉਛਾਲ ਦੇ...

ਇਸ ਬਦਲੇ ਹੋਏ ਮੰਜ਼ਰ ਨੂੰ ਤੱਕ
ਉਹ ਬੇਸ਼ੱਕ ਹੈਰਾਨ ਨੇ,
ਪ੍ਰੇਸ਼ਾਨ ਨੇ
ਪਰ ਕਿਨਾਰੇ ਅੱਜ ਵੀ
ਖ਼ਾਮੋਸ਼ ਨਿਗ੍ਹਾਬਾਨ ਨੇ..।
•

## ਨਾਨਕ ਨਾਲ਼ ਸੰਵਾਦ

ਹੇ ਬਾਬਾ ਨਾਨਕ!!
ਅੱਜ ਤੇਰੇ ਜਨਮ ਦਿਹਾੜੇ
ਮੈਂ ਤੇਰੀ ਤਸਵੀਰ ਨੂੰ ਨਹੀਂ
ਤੇਰੀ ਸੋਚ ਨੂੰ ਨਤਮਸਤਕ ਹਾਂ

ਅੱਜ ਮੈਂ ਸਿਰਫ਼ ਆਪਣਾ
ਵਿਚਾਰਾਂ ਭਰਿਆ ਮਨ ਨਹੀਂ
ਵਿਕਾਰਾਂ ਭਰਿਆ ਤਨ ਹੀ ਨਹੀਂ
ਆਪਣੀ ਹਉਮੈਂ ਦਾ ਵੀ ਸਿਰ ਝੁਕਾ
ਤੈਨੂੰ ਪ੍ਰਣਾਮ ਕਰਦਾ ਹਾਂ

ਮੈਨੂੰ ਪਤਾ ਏ
ਕਿ ਅਸਲੋਂ ਖਾਰਾ ਏ
ਮੇਰੀ ਸੋਚ ਦਾ ਸਾਗਰ
ਬਹੁਤ ਗੰਧਲੀ ਏ
ਵਿਚਾਰਾਂ ਦੀ ਜਲ–ਧਾਰਾ
ਦਿਲ–ਦਰਿਆ ਦਾ ਵਹਿਣ ਵੀ
ਬੜਾ ਔਝੜ
ਤੇਰੇ ਰੂਹਾਨੀ–ਪ੍ਰਵਾਹ ਤੋਂ ਅਲੱਗ

ਬੜਾ ਅਗਿਆਨੀ,
ਬੜਾ ਫ਼ਰੇਬੀ ਏ
ਸੱਜਣ ਦਾ ਰੂਪ ਧਾਰੀ ਬੈਠਾ
ਮੇਰੇ ਮਨ ਅੰਦਰਲਾ ਠੱਗ

ਅੱਜ ਮੈਂ
ਦੁੱਧ-ਪੁੱਤ ਦੀ ਨਿਆਮਤ ਨਾਲ
ਆਪਣੀ ਸੱਖਣੀ ਝੋਲ ਭਰਨ
ਜਾਂ ਕੋਈ ਹੋਰ ਫ਼ਰਿਆਦ ਕਰਨ
ਤੇਰੇ ਦਰ 'ਤੇ ਨਹੀਂ ਆਇਆ,
ਤੂੰ ਮੈਨੂੰ ਖੋਜ ਦੇ ਰਾਹ ਪਾਇਆ
ਮੈਂ ਤੇਰਾ ਮਸ਼ਕੂਰ ਬੜਾ ਹਾਂ
ਤਾਂ ਹੀ ਮੈਂ ਅੱਜ ਆਪਣੀ
ਊਣੀ ਸੋਚ ਦਾ ਕਟੋਰਾ ਫੜ
ਤੇਰੇ ਗਿਆਨ ਦੀ ਵੇਈਂ ਦੇ
ਕੰਢੇ ਖੜ੍ਹਾ ਹਾਂ...

ਮੈਂ ਰੋਜ਼ ਉਤਾਰਦਾ ਰਿਹਾ
ਤੇਰੇ ਚਿੱਤਰਾਂ ਅੱਗੇ ਆਰਤੀ
'ਗਗਨ ਮੈ ਥਾਲੁ' ਦੀ ਆਰਤੀ ਵਿਸਾਰ
ਜਪਦਾ ਰਿਹਾ ਦਿਨ-ਰਾਤ
ਤੇਰੇ ਨਾਂ ਦੀ ਮਾਲ਼ਾ
ਮਨ-ਮਣਕੇ ਦੀ ਲਏ ਬਿਨਾਂ ਸਾਰ...

ਮੈਂ ਚੁੱਭੀਆਂ ਲਾਈਆਂ
ਅਠਸਠਿ ਤੀਰਥੀਂ ਜਾ ਕੇ
ਦਿਲ ਆਪਣੇ ਵਿਚ ਲੈ ਕੇ ਖੋਟ
ਸੋਚਿਆ ਕਿ ਭਰ ਲਵਾਂਗਾ

ਕਰਮਾਂ ਦੀ ਗਾਗਰ
ਤਰ ਲਵਾਂਗਾ
ਭਰਮਾਂ ਦਾ ਭਵਸਾਗਰ
ਨਾਮ ਤੇਰੇ ਦੀ ਲੈ ਕੇ ਓਟ...

ਕਾਸ਼! ਇਹ ਸਮਝ ਆ ਜਾਂਦੀ
ਕਿ 'ਨਾਨਕ' ਕੋਈ ਨਾਮ ਹੀ ਨਹੀਂ,
ਇੱਕ ਜੀਵਨ-ਜਾਚ ਹੈ
ਅਸੀਂ ਤੇਰੀ ਕਿਰਤ ਵਾਲੇ
ਫ਼ਲਸਫ਼ੇ ਤੋਂ ਕੋਹਾਂ ਦੂਰ ਰਹੇ
ਉਂਞ ਤੇਰੇ ਹਰ ਸ਼ਬਦ ਨੂੰ
ਸਿਮਰਦੇ ਜ਼ਰੂਰ ਰਹੇ
ਤੇਰੇ ਨਾਂ 'ਤੇ ਬਣੇ
ਮਾਰਗਾਂ 'ਤੇ ਚੱਲਦੇ ਰਹੇ
ਪਰ ਤੇਰੇ ਦਿਖਾਏ ਰਾਹ ਨਾ ਪਏ
ਅਸੀਂ ਸਮਝਦੇ ਰਹੇ ਵਪਾਰਾਂ
ਤੇ ਵਿੱਦਿਆ-ਮੰਦਰਾਂ ਦਾ ਨਾਮਕਰਨ
ਤੇਰੇ ਨਾਂ 'ਤੇ ਕਰ ਕੇ
ਤੇਰੇ ਨੂਰਾਨੀ ਨਾਂ ਦੀ ਤਖ਼ਤੀ
ਘਰਾਂ ਦੇ ਬੂਹੇ ਜੜ ਕੇ
ਤੇਰੀ ਨਦਰਿ ਦੇ ਮਨਜ਼ੂਰ ਹੋ ਗਏ ਹਾਂ
ਨਾਨਕ-ਬਾਣੀ ਦਾ ਸੰਦੇਸ਼
ਸਾਡੀ ਰੂਹ ਦੇ ਮੇਚ ਨਹੀਂ
ਉਂਞ ਅਸੀਂ ਧਰਮੀ ਜ਼ਰੂਰ ਹੋ ਗਏ ਹਾਂ
ਤੇਰੀ ਨੇੜਤਾ ਦਾ ਭਰਮ ਸਿਰਜਦੇ
ਅਸੀਂ ਤੈਥੋਂ ਬੜੇ ਦੂਰ ਹੋ ਗਏ ਹਾਂ
ਨਾਨਕ ਤੋਂ ਬੜੇ ਦੂਰ ਹੋ ਗਏ ਹਾਂ....।
•

## ਰਿਸ਼ਤਿਆਂ ਦਾ ਊੜਾ-ਐੜਾ

ਜਦੋਂ ਤੂੰ
ਸਿਆਣੀਆਂ–ਸੁਲਝੀਆਂ
ਗੁੰਝਲਦਾਰ ਜਾਂ ਵਜ਼ਨਦਾਰ
ਗੱਲਾਂ ਕਰਦਾ ਏਂ
ਤਾਂ ਬੜਾ ਹੀ ਓਪਰਾ ਜਿਹਾ ਜਾਪਦੈਂ
ਤੂੰ ਤਾਂ ਮੈਨੂੰ
ਉਹੀ ਝੱਲ–ਵਲੱਲਾ
ਤੇ ਕੁੱਲ ਦੁਨੀਆ ਤੋਂ ਅਵੱਲਾ ਹੀ
ਆਪਣਾ ਲੱਗਨਾਂ ਏਂ ...

ਚੱਲ ਆ
ਉਨ੍ਹਾਂ ਪਲਾਂ 'ਚ ਪਰਤ ਚੱਲੀਏ
ਜਿਨ੍ਹਾਂ ਅੰਦਰ
ਇਸ਼ਕ ਦੀ ਸ਼ਿੱਦਤ ਸੀ
ਹੁਸੀਨ ਸੁਪਨਿਆਂ ਦਾ ਹਜ਼ੂਮ ਸੀ
ਬੇਪ੍ਰਵਾਹੀ ਸੀ, ਸਕੂਨ ਸੀ
ਜਦ ਆਪਾਂ ਹੁਣ ਵਾਂਗ
ਨੇੜੇ ਰਹਿ ਕੇ ਵੀ ਵੱਖ ਨਹੀਂ ਸੀ
ਰਾਹਾਂ ਵਿਚ, ਨਿਗਾਹਾਂ ਵਿਚ
ਟੁੱਟੀਆਂ ਸੱਧਰਾਂ ਦਾ ਕੱਚ ਨਹੀਂ ਸੀ
ਆਪਾਂ ਬੱਸ ਇੱਕ-ਦੂਜੇ ਦੇ ਸੀ
ਤੇ ਇਸ ਤੋਂ ਵੱਡਾ
ਕੋਈ ਸੱਚ ਨਹੀਂ ਸੀ...

ਤੂੰ ਸਮਝ ਲਵੀਂ,
ਨਵੀਂ ਉਮੀਦ ਦੇ ਪੂਰਨਿਆਂ ਉੱਤੇ
ਰਿਸ਼ਤਿਆਂ ਦਾ ਊੜਾ-ਐੜਾ
ਆਪਾਂ ਮੁੜ ਤੋਂ ਸਿੱਖਣਾ ਏ
ਤੇ ਉਮਰ ਦੀ ਅੱਧੀ ਛੁੱਟੀ ਵੇਲੇ
ਆਪਣੀ ਜ਼ਿੰਦਗੀ ਦੀ ਫੱਟੀ ਉੱਤੇ
ਸਾਂਝ ਦਾ ਕੋਈ ਭੁਲਾਵਾਂ ਅੱਖਰ
ਨਵੇਂ ਸਿਰਿਓਂ ਲਿਖਣਾ ਏ।
•

## ਅਧੂਰੀ ਹੋਂਦ ਦੀ ਕਸਕ

ਸ਼ਬਦ,
ਜੋ ਲਿਖੇ ਨਾ ਗਏ
ਬੋਲ,
ਜੋ ਕਹੇ ਨਾ ਗਏ
ਖ਼ਿਆਲ,
ਜੋ ਕਵਿਤਾ ਨਾ ਬਣੇ
ਪਰਛਾਵਾਂ ਬਣ ਕੇ
ਮੇਰੇ ਸੁਫਨਿਆਂ ਅੰਦਰ
ਮੇਰੇ ਨਾਲ਼-ਨਾਲ਼ ਚੱਲਦੇ ਨੇ...

ਜਜ਼ਬੇ,
ਜੋ ਇਜ਼ਹਾਰੇ ਨਾ ਗਏ
ਇਸ਼ਾਰੇ,
ਜੋ ਸਮਝੇ ਨਾ ਗਏ
ਪਲ,
ਜੋ ਹੰਢਾਏ ਨਾ ਗਏ
ਸਾਹਾਂ, ਨਿਗਾਹਾਂ ਤੇ
ਅਧੂਰੀਆਂ ਇੱਛਾਵਾਂ ਅੰਦਰ
ਇੱਕ ਕਸਕ ਬਣ ਕੇ ਪਲ਼ਦੇ ਨੇ।
•

## ਅਗਲੀ ਵਾਰ

ਇਸ ਵਰ੍ਹੇ ਪ੍ਰਦੇਸੋਂ ਜਾ ਕੇ
ਮੈਂ ਆਪਣੀਆਂ ਛੁੱਟੀਆਂ
ਪਿੰਡ ਵਾਲ਼ੇ ਘਰ ਬਿਤਾਈਆਂ
ਮਨ ਨੂੰ ਚੰਗਾ ਲੱਗਾ
ਜਦ ਪਿੰਡੋਂ ਕੁਝ ਔਰਤਾਂ ਸਾਡੇ ਘਰ
ਕਿਸੇ ਖ਼ੁਸ਼ੀ ਦੇ ਲੱਡੂ ਦੇਣ ਆਈਆਂ...

ਕਿੱਦਾਂ ਜੁੜਿਆ ਹੋਇਆ ਏ
ਮੇਰੇ ਪਿੰਡ ਦੀਆਂ ਖ਼ੁਸ਼ੀਆਂ ਦਾ
ਇਹ ਛੋਟਾ ਜਿਹਾ ਸੰਸਾਰ
ਕਿੰਨੇ ਸਾਂਝੇ ਨੇ
ਪਿੰਡ ਦੇ ਲੋਕਾਂ ਦੇ
ਨਿੱਕੇ-ਨਿੱਕੇ ਚਾਅ-ਮਲ੍ਹਾਰ
ਦੁੱਖ-ਸੁੱਖ ਤੇ ਤਿੱਥ-ਤਿਉਹਾਰ...

ਹੁਣ ਜਦ ਵੀ ਮੈਂ
ਦੁਬਾਰਾ ਪਿੰਡ ਆਵਾਂਗਾ
ਤਾਂ ਮੇਰੇ ਨਾਲੋਂ ਪਿੰਡ ਦਾ
ਕਾਫ਼ੀ ਕੁਝ ਟੁੱਟ ਜਾਵੇਗਾ
ਤੇ ਸ਼ੌਰੇ ਕਿੰਨਾ ਕੁਝ ਹੋਰ
ਗੁਆਚਿਆ, ਮੁੱਕਿਆ
ਬਦਲਿਆ ਜਾਂ ਵਿਸਰਿਆ ਪਾਵਾਂਗਾ...

ਪ੍ਰਦੇਸ ਵਾਲੇ ਘਰ ਅੰਦਰ ਮੈਂ
ਦੁੱਖ ਸਮੇਂ ਕਿੰਨਾ ਇਕੱਲਾ ਹਾਂ
ਤੇ ਖ਼ੁਸ਼ੀ ਵੇਲ਼ੇ ਸਾਂਝਾਂ ਤੋਂ ਵਿਰਵਾ
ਓਥੇ ਕੋਈ ਗੁਆਂਢੀ ਮੇਰੇ ਘਰ
ਲੱਡੂ ਦੇਣ ਨਹੀਂ ਆਉਂਦਾ
ਨਾ ਹੀ ਕਿਸੇ ਨਾਸਾਜ਼ ਹਾਲਾਤ 'ਚ
ਮੇਰੀ ਬਾਂਹ ਫੜ੍ਹਦਾ
ਮੇਰਾ ਆਸਰਾ ਬਣਦਾ

ਤੇ ਨਾ ਮੇਰੇ ਕੋਲ਼ ਬੈਠ
ਮੇਰਾ ਦੁੱਖ-ਦਰਦ ਵੰਡਾਉਂਦਾ...

ਪਿੰਡ ਵਿੱਚ ਲੋਕ
ਅਜੇ ਵੀ ਮੇਰੇ ਵਾਕਿਫ਼ ਨੇ
ਜੋ ਰਾਹ ਮਿਲ਼ਦਿਆਂ, ਗਾਹੇ-ਬਗਾਹੇ
ਮੇਰਾ ਹਾਲ ਪੁੱਛਦੇ ਨੇ
ਕਦੇ ਪ੍ਰਦੇਸ ਦੀ ਜ਼ਿੰਦਗੀ
ਤੇ ਕੰਮਕਾਰ ਦੇ ਬਾਰੇ,
ਸਿਹਤ ਅਤੇ ਪਰਿਵਾਰ ਦੇ ਬਾਰੇ...

ਆਉਂਦੇ ਕੁਝ ਸਾਲਾਂ ਤੱਕ
ਨਵੀਂ ਪੀੜ੍ਹੀ ਲਈ ਮੈਂ ਕੋਈ
ਬੇਗਾਨਾ ਜਾਂ ਓਪਰਾ ਹੋ ਜਾਵਾਂਗਾ
ਅਗਲੀ ਵਾਰ ਪਿੰਡ ਵਿਚਲਾ
ਮੇਰਾ ਖ਼ੁਸ਼ੀਆਂ ਦਾ ਸੰਸਾਰ
ਹੋਰ ਵੀ ਸੁੰਗੜ ਜਾਵੇਗਾ
ਫੇਰ ਮੈਂ ਪਿੰਡ ਦੇ ਘਰ ਵਿਚ ਵੀ
ਪ੍ਰਦੇਸ ਜਿਹਾ ਇਕਾਂਤ ਹੰਢਾਵਾਂਗਾ
ਫਿਰ ਓਥੇ ਵੀ ਕੋਈ ਮੈਨੂੰ
ਲੱਭੂ ਨਹੀਂ ਦੇਣ ਆਵੇਗਾ
ਕਿਸੇ ਸਰਾਪੇ-ਮੌਸਮ
ਜਾਂ ਔਖਿਆਏ ਪਲਾਂ ਅੰਦਰ
ਮੈਂ ਇਕੱਲਾ ਰਹਿ ਜਾਵਾਂਗਾ
ਇਕੱਲਾ ਹੀ ਰਹਿ ਜਾਵਾਂਗਾ...

ਅਗਲੀ ਵਾਰ ਜਦ ਪਿੰਡ ਆਵਾਂਗਾ।
•

## ਕੱਲ੍ਹ, ਅੱਜ ਤੇ ਭਲ਼ਕ

ਮੇਰੇ ਕੱਲ੍ਹ ਦਾ ਹਰ ਫ਼ੈਸਲਾ
ਮੇਰੇ ਅੱਜ ਨੂੰ ਪ੍ਰਵਾਨ ਨਹੀਂ
ਬੀਤੇ ਦੇ ਢਾਰੇ 'ਤੋਂ
ਭਵਿੱਖ ਦੇ ਮੁਨਾਰੇ ਦੇਖਣਾ
ਉਂਞ ਵੀ ਅਸਾਨ ਨਹੀਂ

ਮੇਰੇ ਅੱਜ ਦੇ ਹਰ ਫ਼ੈਸਲੇ ਦੀ
ਮੇਰੇ ਉਠਾਏ ਹਰ ਕਦਮ ਦੀ
ਮੇਰੀ ਦਾਨਾਈ
ਚਾਹੇ ਲੱਖ ਰਹਿਨੁਮਾਈ ਕਰੇ,
ਇਸ ਨੇ ਵੀ ਭਲ਼ਕ ਨੂੰ
ਸਹੀ-ਗ਼ਲਤ ਦੀ ਕਸੌਟੀ 'ਤੇ
ਲਾਜ਼ਮੀ ਚੜ੍ਹਨਾ ਏ
ਤੇ ਮੇਰੇ ਭਲ਼ਕ ਨੇ
ਇਸ ਨੂੰ ਵੀ ਕੋਈ ਭੁੱਲ ਆਖ
ਇਸ ਤੋਂ ਵਿੱਥ ਪਾ ਕੇ ਖੜ੍ਹਨਾ ਏ...

ਬੱਸ ਇਹੋ ਸੋਚ ਕੇ
ਮੈਂ ਆਪਣੀ ਰੂਹ ਉੱਪਰੋਂ
ਪਛਤਾਵਿਆਂ-ਝੋਰਿਆਂ
ਦੀ ਗਠੜੀ ਉਤਾਰ ਲੈਂਦਾ ਹਾਂ
ਫਿਰ ਸਹੀ-ਗ਼ਲਤ
ਸੱਚ-ਝੂਠ
ਪਾਪ-ਪੁੰਨ ਦੇ
ਫ਼ਲਸਫ਼ਿਆਂ ਨੂੰ ਛੱਡ ਕੇ
ਆਪਣੇ ਅੱਜ ਨੂੰ ਸੁਆਰ ਲੈਂਦਾ ਹਾਂ।
•

## ਸੜਕ ਬਨਾਮ ਔਰਤ

ਮੈਂ ਉਸ ਸੜਕ ਵਾਂਗ ਹਾਂ
ਖ਼ਾਮੋਸ਼, ਉਦਾਸ ਤੇ ਇਕੱਲੀ
ਜੋ ਵਾਹਿਦ ਗਵਾਹ ਰਹੀ ਏ
ਖ਼ੁਦ 'ਤੇ ਵਾਪਰਨ ਵਾਲੇ
ਅਣਗਿਣਤ ਹਾਦਸਿਆਂ ਦੀ...

ਇਨ੍ਹਾਂ ਹਾਦਸਿਆਂ ਨੂੰ ਦਿਲ 'ਚ ਦਬਾ ਕੇ
ਇਨ੍ਹਾਂ ਹਾਦਸਿਆਂ ਦਾ ਬੋਝ ਉਠਾ ਕੇ
ਮੈਂ ਅੱਜ ਵੀ ਜ਼ਿੰਦਾ ਹਾਂ
ਅੱਜ ਵੀ ਖ਼ਾਮੋਸ਼ ਹਾਂ
ਮੈਂ ਜ਼ਿੰਦਾ ਲਾਸ਼ ਬਣ ਕੇ
ਸਭ ਕੁਝ ਚੁੱਪਚਾਪ ਸਹਾਂ
ਕੋਈ ਦੱਸੇ ਇਸ ਨੂੰ ਸਬਰ,
ਲਾਚਾਰੀ ਜਾਂ ਕੁਝ ਹੋਰ ਕਹਾਂ..?

ਉਂਝ ਮੇਰੇ ਤੋਂ ਹੀ ਸ਼ੁਰੂ ਹੁੰਦਾ ਏ
ਜ਼ਿੰਦਗੀ ਦਾ ਹਰ ਸਫ਼ਰ
ਮੰਜ਼ਿਲ ਵੱਲ ਪੁੱਟਿਆ ਜਾਣ ਵਾਲ਼ਾ
ਹਰ ਪਹਿਲਾ ਕਦਮ
ਤੂੰ ਵੀ ਹਰ ਰੋਜ਼ ਇਸੇ
ਅਮਲ 'ਚੋਂ ਗੁਜ਼ਰਦਾ ਏਂ
ਇਸੇ ਸਫ਼ਰ 'ਚੋਂ ਗੁਜ਼ਰਦਾ ਏਂ
ਫਿਰ ਮੈਂ ਤੇਰੇ ਨਾਲ਼ ਤੁਰਦੀ-ਤੁਰਦੀ
ਤੇਰੀ ਹਮਰਾਜ਼,
ਤੇਰੀ ਹਮਸਫ਼ਰ ਕਿਉਂ ਨਹੀਂ ਬਣਦੀ..?

ਤੈਨੂੰ ਮਰਦ ਹੋਣ ਦਾ ਮਾਣ ਏ!
ਤੇ ਤੁਰਦੇ ਰਹਿਣਾ ਤੇਰੀ ਫ਼ਿਤਰਤ
ਮੈਨੂੰ ਮਿੱਧ ਸੁੱਟਦੈਂ
ਭਰ-ਭਰ ਵੱਡੀਆਂ ਪੁਲਾਂਘਾਂ
ਬਦਲਦਾ ਰਹਿਨੈਂ ਨਿੱਤ ਨਵੀਂਆਂ ਸੜਕਾਂ
ਤੇ ਮੈਂ ਲਾਚਾਰ ਤੇ ਬੇਕਰਾਰ ਹੋ ਕੇ
ਹਰ ਵਾਰ ਕਰਦੀ ਹਾਂ
ਤੇਰੀ ਘਰ-ਵਾਪਸੀ ਦੀ ਉਡੀਕ...

ਉਹੀ ਲਾਚਾਰ ਤੇ ਬੇਕਰਾਰ ਔਰਤ
ਇੱਕ ਅਰਜ਼ ਕਰੇ ਤੈਨੂੰ
ਕਿ ਜਦੋਂ ਕਦੇ ਤੂੰ ਆਪਣੀ
ਮਰਦਾਨਗੀ ਦਾ ਜਾਮਾ ਉਤਾਰੇਂ
ਜਦੋਂ ਤੂੰ ਯਥਾਰਥ ਦੇ ਧਰਾਤਲ 'ਤੇ
ਪੱਬ ਟਿਕਾਉਣਾ ਸਿੱਖ ਲਵੇਂ
ਜਦੋਂ ਤੂੰ ਰਸਤਿਆਂ ਤੇ ਰਿਸ਼ਤਿਆਂ ਦੀ ਉਮਰ
ਲੰਬਾਈ ਨਾਲ਼ ਹੀ ਨਹੀਂ
ਸਗੋਂ ਗਹਿਰਾਈ ਨਾਲ਼
ਮਾਪਣ ਦਾ ਵੱਲ ਜਾਣ ਲਵੇਂ,
ਓਸ ਵੇਲੇ ਤੂੰ ਮੈਨੂੰ ਆਣ ਮਿਲ਼ੀਂ
ਮੈਨੂੰ ਮਿਲ਼ ਕੇ ਹੀ ਤੂੰ ਬਣ ਸਕੇਂਗਾ
ਮੇਰੇ ਸਬਰ, ਮੇਰੀ ਪੀੜ
ਮੇਰੀ ਖ਼ਾਮੋਸ਼ੀ ਦਾ ਹਮਸਫ਼ਰ
ਮੇਰਾ ਹਮਸਫ਼ਰ....

ਫੇਰ ਹੀ ਤੈਨੂੰ ਪਤਾ ਲੱਗੇਗਾ
ਕਿ ਮੁਸਾਫ਼ਰ ਬਣ ਕੇ ਲੰਘ ਜਾਣਾ
ਕਿੰਨਾ ਸੌਖਾ ਏ
ਤੇ ਸੜਕ ਬਣ ਕੇ ਵਿਛੇ ਰਹਿਣਾ
ਕਿੰਨਾ ਔਖਾ ......!!!
•

## ਅਗਲੀ ਜੂਨ

ਅਜੇ ਤਾਂ ਮੈਂ
ਟਾਹਣੀਓਂ ਟੁੱਟਿਆ ਇੱਕ ਪੱਤਾ ਹਾਂ
ਅਜੇ ਤਾਂ ਮੈਂ
ਡਿੱਗਣ ਤੋਂ ਲੈ ਕੇ ਸੁੱਕਣ ਤੱਕ
ਸੁੱਕਣ ਤੋਂ ਲੈ ਕੇ ਗ਼ਲਣ ਤੱਕ
ਇੱਕ ਪੂਰੀ ਜੂਨ ਹੰਢਾਉਣੀ ਏ...

ਅਜੇ ਤਾਂ ਮੈਂ ਰੁੱਖਾਂ ਨਾਲ਼
ਪਤਝੜਾਂ ਦੀਆਂ ਰੁੱਤਾਂ ਨਾਲ਼
ਸੈਆਂ ਸ਼ਿਕਵੇ ਕਰਨੇ ਨੇ
ਅਜੇ ਤਾਂ ਮੈਂ ਹਵਾਵਾਂ ਦੇ ਪੰਘੂੜੇ ਚੜ੍ਹ
ਕਿਸੇ ਅਦਿੱਖ ਦੁਨੀਆ ’ਚ ਪਹੁੰਚ
ਨਵੀਂ ਜ਼ਮੀਨ ’ਤੇ ਪੈਰ ਧਰਨੇ ਨੇ
ਤੇ ਹਸਤੀ ਦੇ ਖ਼ਤਮ ਹੋਣ ਤੋਂ ਪਹਿਲਾਂ
ਆਪਣੇ ਪਿੰਡੇ ਸੈਆਂ ਜ਼ਖ਼ਮ ਜਰਨੇ ਨੇ...

ਉਦੋਂ ਤੱਕ ਤਾਂ ਮੈਂ ਆਪਣੇ
ਇਸ ਭੁਰਦੇ-ਖੁਰਦੇ ਵਜੂਦ ਸਹਾਰੇ
ਹਰ ਸਫ਼ਰ ਦੇ
ਹਰ ਹਸ਼ਰ ਦਾ ਭਾਰ ਢੋਣਾ ਏ
ਫੇਰ ਕਿਤੇ ਜਾ ਕੇ ਮੈਂ
ਅਨਜਾਣਤਾ ਤੋਂ ਨਿਰਵਾਣਤਾ ਵੱਲ
ਇਹ ਅਗਿਆਤ ਸਫ਼ਰ ਮੁਕਾਉਣਾ ਏ
ਅੰਤ-ਅਖ਼ੀਰ,
ਆਪਣੇ ਹਿੱਸੇ ਦੀ ਧਰਤ ਲੱਭ ਕੇ
ਉਸ ਅੰਦਰ ਦਫ਼ਨ ਹੋਣਾ ਏ...

ਉਂਝ ਅਜੇ ਤਾਂ ਮੈਂ
ਡਿੱਗਣ ਤੋਂ ਲੈ ਕੇ ਸੁੱਕਣ ਤੱਕ
ਸੁੱਕਣ ਤੋਂ ਲੈ ਕੇ ਗ਼ਲਣ ਤੱਕ
ਇੱਕ ਪੂਰੀ ਜੂਨ ਹੰਢਾਉਣੀ ਏ।
•

## ਘਰ ਅਤੇ ਕਵਿਤਾ

ਮੈਂ ਕਵਿਤਾ ਲਿਖਣ ਬੈਠਦਾ ਹਾਂ,
ਪਤਨੀ ਘਰ ਦੇ ਕੰਮ ਕਰਦਿਆਂ
ਕੋਲ਼ੋਂ ਲੰਘਦਿਆਂ-ਵੜਦਿਆਂ
ਘਰੇਲੂ ਚੀਜ਼ਾਂ-ਵਸਤਾਂ ਦੀਆਂ
ਨਿੱਤ ਵਧ ਰਹੀਆਂ ਕੀਮਤਾਂ ਦਾ
ਮੁੱਦਾ ਛੇੜਦੀ ਹੈ
ਆਮਦਨ-ਖ਼ਰਚ
ਸਾਵੇਂ ਕਰਨ ਦੇ ਯੁੱਧ ਦਰਮਿਆਨ
ਰੂਹ ਦੇ ਜ਼ਖ਼ਮ ਉਚੇੜਦੀ ਹੈ
ਕਹਿੰਦੀ ਹੈ ਕਿ ਕਿੰਞ
ਆਰਥਕਤਾ ਦੀ ਬੋਦੀ ਰੱਸੀ ਉੱਪਰ
ਤਵਾਜ਼ਨ ਬਣਾ ਕੇ ਤੁਰਦਿਆਂ
ਉਹ ਘਰ ਦਾ ਖ਼ਰਚ ਸੰਭਾਲ਼ਦੀ ਏ

ਇਹ ਸਾਰਾ ਲੇਖਾ-ਜੋਖਾ ਕਰਦਿਆਂ,
ਇੱਕ ਠੰਢਾ ਹਉਕਾ ਭਰਦਿਆਂ
ਉਹ ਹਰ ਗੱਲ ਦਾ
ਮੈਥੋਂ ਹੁੰਗਾਰਾ ਭਾਲ਼ਦੀ ਏ...

ਮੈਥੋਂ ਅਕਸਰ
ਹੁੰਗਾਰਾ ਭਰਿਆ ਨਹੀਂ ਜਾਂਦਾ
ਤੇ ਮਹਿਜ਼ ਦਿਖਾਵੇ-ਹਿੱਤ
'ਹਾਂ-ਹੂੰ' ਕਰਿਆ ਨਹੀਂ ਜਾਂਦਾ
ਉਹ ਮੈਨੂੰ ਗ਼ਲਤ ਕਹਿੰਦੀ ਏ
ਮੈਂ ਉਸ ਨੂੰ ਗ਼ਲਤ ਸਮਝਦਾ ਹਾਂ
ਪਰ ਬਹੁਤੀ ਵਾਰ
ਦੋਹਾਂ 'ਚੋਂ ਗ਼ਲਤ ਕੋਈ ਵੀ ਨਹੀਂ ਹੁੰਦਾ
ਗ਼ਲਤ ਸ਼ਾਇਦ ਉਹ ਪਲ,
ਉਹ ਘੜੀ ਹੁੰਦੀ ਏ
ਜਦ ਮੇਰੀ ਚੇਤਨਾ
ਮੈਥੋਂ ਵੀ ਕਿਤੇ ਦੂਰ
ਕਾਵਿ-ਅੰਬਰਾਂ 'ਤੇ ਚੜ੍ਹੀ ਹੁੰਦੀ ਏ...

ਉਹ ਚਾਹੁੰਦੀ ਏ ਕਿ
ਮੈਂ ਉਸ ਵੱਲ ਕੰਨ ਧਰਾਂ
ਕਾਵਿਕ-ਸੰਸਾਰ ਤੋਂ ਬਾਹਰ ਆ
ਉਸ ਦੇ ਮਨ ਦੀਆਂ ਪੜ੍ਹਾਂ
ਗ਼ਿਲੇ-ਸ਼ਿਕਵੇ ਸੁਣਾਂ
ਤੇ ਆਪਣੇ ਕੁਝ ਪਲ
ਸਿਰਫ਼ ਤੇ ਸਿਰਫ਼ ਉਹਦੇ ਨਾਂ ਕਰਾਂ...

ਮੈਨੂੰ ਲੱਗਦਾ ਏ
ਕਿ ਮੇਰੀ ਦੁਨੀਆ
ਘਰ ਤੱਕ ਸੀਮਤ ਏ
ਮੈਂ ਤਾਂ ਸਾਰਾ-ਸਾਰਾ ਦਿਨ
ਉਸ ਤੋਂ ਪਰੇ ਨਹੀਂ ਹੁੰਦਾ
ਤੇ ਉਹ ਕਹਿੰਦੀ ਰਹਿੰਦੀ ਏ
ਕਿ ਮੈਂ ਅਕਸਰ
ਘਰ ਹੋ ਕੇ ਵੀ ਘਰੇ ਨਹੀਂ ਹੁੰਦਾ...

ਪਰ ਕਦੇ ਕਦਾਈਂ
ਖ਼ੁਸ਼ਨੁਮਾ ਪਲਾਂ ਅੰਦਰ
ਸੋਚਾਂ-ਅਹਿਸਾਸਾਂ ਦਾ ਖੂਹ
ਜਿਉਂ ਉਲਟਾ ਗਿੜਦਾ ਏ
ਉਸ ਦੇ ਮੂੰਹੋਂ ਮੇਰੀਆਂ
ਕਵਿਤਾਵਾਂ ਦਾ ਜ਼ਿਕਰ
ਤੇ ਮੇਰੇ ਅੰਦਰੋਂ
ਘਰ ਦੇ ਕੰਮਾਂ ਦਾ ਫ਼ਿਕਰ
ਆਪ-ਮੁਹਾਰੇ ਛਿੜਦਾ ਏ...

ਏਦਾਂ ਇਸ ਨਿਰੰਤਰ
ਕਥਾ ਦੇ ਪਾਤਰ
ਆਪਣੀ ਸੋਚ, ਅਹਿਸਾਸ
ਤੇ ਸਥਾਨ ਬਦਲਦੇ ਰਹਿੰਦੇ ਨੇ
ਇੰਞ ਹੀ ਰਿਸ਼ਤਿਆਂ, ਤਰਜੀਹਾਂ
ਤੇ ਵਿਚਾਰਾਂ ਦੀ ਇਸ ਖਿੱਚੋਤਾਣ ਦਰਮਿਆਨ
ਘਰ ਅਤੇ ਕਵਿਤਾ ਦੋਵੇਂ
ਨਾਲ਼ੋ-ਨਾਲ਼ ਚੱਲਦੇ ਰਹਿੰਦੇ ਨੇ...।
•

## ਜ਼ਿੰਦਗੀ ਦੀ ਰੰਗਸ਼ਾਲਾ

ਬਚਪਨ,
ਤਿਤਲੀ ਦੇ ਰੰਗਾਂ ’ਚੋਂ
ਮਾਸੂਮ ਚਾਵਾਂ ਦੇ ਰੰਗ ਲੱਭਦਾ ਏ
ਜਵਾਨੀ,
ਗੁਲਾਬ ਦੇ ਰੰਗ ’ਚੋਂ

ਮਹਿਬੂਬ ਦਾ ਮੁੱਖ ਤੱਕਦੀ ਏ
ਬੁਢਾਪਾ,
ਦੋਹਾਂ ਤੋਂ ਵਿੱਥ 'ਤੇ ਖੜ੍ਹਾ
ਜ਼ਿੰਦਗੀ ਦੇ ਅਸਲ ਰੰਗ ਪਛਾਣਦਾ ਏ
ਕਦੇ ਉਹ
ਬਚਪਨ ਦੇ ਖ਼ਿਆਲਾਂ ਦੀਆਂ
ਤਿਤਲੀਆਂ ਫੜ੍ਹਦਾ
ਤੇ ਕਦੇ ਆਪਣੇ ਧੁਰ-ਅੰਦਰ
ਜਵਾਨੀ ਦੇ ਮੌਸਮੀ-ਗੁਲਾਬ ਦੀ
ਮਹਿਕ ਮਾਣਦਾ ਏ...

ਸੋਚ ਉਮਰ ਦੇ
ਨਿੱਤ ਨਵੇਂ ਸਾਂਚੇ 'ਚ ਢਲ਼ਦੀ
ਆਪਣਾ ਰੂਪ ਬਦਲਦੀ
ਰੰਗਾਂ ਨੂੰ ਅਰਥ ਦਿੰਦੀ
ਰੰਗਾਂ 'ਚੋਂ ਅਰਥ ਲੱਭਦੀ
ਰੰਗਾਂ 'ਚੋਂ ਆਪਾ ਪਛਾਣਦੀ ਏ
ਕਿਸੇ ਉਦਾਸ ਮੌਸਮ 'ਚ ਇਹਨੂੰ
ਹਰ ਰੰਗ ਬੇਅਰਥ ਜਾਪੇ
ਤੇ ਕਿਤੇ ਰੰਗਾਂ ਦਾ ਵਿਗਿਆਨ
ਸਮਝੇ ਬਗ਼ੈਰ
ਇਹ ਜ਼ਿੰਦਗੀ ਦੀ ਰੰਗਸ਼ਾਲਾ ਦਾ
ਹਰ ਰੰਗ ਮਾਣਦੀ ਏ...।
•

## ਨਿੱਘ

ਸੀਨੇ ਅੰਦਰ ਮਚਲਦੇ
ਸੁਰਖ਼ ਅਰਮਾਨਾਂ ਦਾ ਵਾਸਤਾ,
ਆ ਉਦਾਸ ਸਾਂਝਾਂ ਨੂੰ
ਕਿਸੇ ਧਰਵਾਸ ਦਾ ਨਿੱਘ ਦੇਈਏ
ਰਿਸ਼ਤਿਆਂ ਅੰਦਰਲੀ ਸੰਵੇਦਨਾ
ਠੰਢੀ-ਯਖ਼ ਹੋਣ ਤੋਂ ਪਹਿਲਾਂ
ਟੁੱਟਦੇ-ਮੁੱਕਦੇ ਸਾਹਾਂ ਨੂੰ
ਕਿਸੇ ਵਿਸ਼ਵਾਸ ਦਾ ਨਿੱਘ ਦੇਈਏ...

ਕੋਈ ਭਲਾ ਕਦ ਤੱਕ
ਆਸ ਦਾ ਖ਼ਿਆਲੀ-ਪਰਚਮ
ਦੁਬਿਧਾ ਦੇ ਕਿਲ੍ਹੇ 'ਤੇ ਲਹਿਰਾਵੇ
ਕੋਈ ਭਲਾ ਕਦ ਤੱਕ
ਹਿਜਰ ਦੇ ਬਨੇਰੇ ਬੈਠ
ਤਾਰਿਆਂ ਨਾਲ਼ ਦੁੱਖ ਵੰਡਾਵੇ
ਤੇ ਭਲਾ ਕਦ ਤੱਕ
ਖੁਸ਼ਰੰਗ ਯਾਦਾਂ ਦੇ ਠੁੰਮ੍ਹਣੇ ਦੇ ਕੇ
ਆਪਣੀ ਪੀੜ ਦਾ ਮਨ ਪ੍ਰਚਾਵੇ...

ਫਿਰ ਵੀ ਹਰ ਅਧੂਰੀ ਵਾਟ
ਹਰ ਆਪਸੀ ਘਾਟ ਨੂੰ ਪੂਰਨ ਹਿੱਤ
ਆ, ਖ਼ਾਬਾਂ ਦੇ ਪਰਿੰਦਿਆਂ ਨੂੰ
ਇੱਕ ਨਵੀਂ ਉਡਾਣ ਦੇਈਏ
ਉਮੀਦ ਦੇ ਪੰਖੇਰੂ ਦੀ
ਪਰਵਾਜ਼ ਮੁੱਕਣੋਂ ਪਹਿਲਾਂ
ਚੱਲ ਉਸ ਨੂੰ ਹੋਰ
ਚੱਪਾ ਕੁ ਅਸਮਾਨ ਦੇਈਏ
ਤੇ ਮੌਸਮਾਂ ਦੇ ਰਉਂ ਮੁਤਾਬਕ
ਟੁੱਟਦੇ-ਬਦਲਦੇ ਸਾਕਾਂ ਨੂੰ
ਪਰਖ ਦੇ ਤਰਾਜ਼ੂ ਤੋਂ ਉਤਾਰ
ਕੋਈ ਨਵੀਂ ਪਹਿਚਾਣ ਦੇਈਏ...

ਆਪਣੇ ਜੋਬਨ ਦੀ
ਤਿੱਖੀ ਧੁੱਪ ਦੇ ਹੁੰਦਿਆਂ-ਸੁੰਦਿਆਂ

ਸਿਖ਼ਰ ਦੁਪਹਿਰੇ ਬੌਣੇ ਹੋਏ
ਆਪਣੇ ਪਰਛਾਵੇਂ ਨਾ ਘੂਰੀਏ
ਸਗੋਂ ਸ੍ਵੈ-ਸਿਰਜੇ ਵਿਸ਼ਵਾਸਾਂ
ਰੂਹਾਂ ਦੇ ਬਣਵਾਸਾਂ
ਤਿੜਕੇ ਅਹਿਸਾਸਾਂ ਅੰਦਰਲੀ
ਅਦਿੱਖ ਵਿੱਥ ਨੂੰ ਪੂਰੀਏ...

ਉਦਾਸ ਸ਼ਾਮ ਦੀ ਲਾਲੀ ਅੰਦਰ
ਮਨ ਦੇ ਕਿਸੇ ਹਨ੍ਹੇਰੇ ਕੋਨੇ
ਇਕੱਲੇ ਜਾਂ ਵੱਖਰੇ ਬੈਠ
ਟੁੱਟੇ ਤਾਰਿਆਂ ਦਾ ਮਾਤਮ ਨਾ ਮਨਾਈਏ
ਸਗੋਂ ਵਸਲ ਦੀ ਲੋਅ ਮਾਣੀਏ
ਜਾਂ ਤਲਖ਼ੀਆਂ ਭਰੀ ਰਾਤ ਅੰਦਰ
ਆਸ ਦੇ ਕਿਸੇ ਦੀਵੇ ਦੀ ਲੋਏ ਬੈਠ
ਜ਼ਿੰਦਗੀ ਦੇ ਨਕਸ਼ ਪਛਾਣੀਏ...

ਭਰਮਾਂ-ਸ਼ੰਕਿਆਂ ਦੀ ਅਗਨ ਅੰਦਰ
ਵਾਰ-ਵਾਰ ਜਲ਼ਣ ਦੀ ਬਜਾਏ
ਮਘਦੇ ਕੋਲਿਆਂ ਵਾਂਗ
ਅੰਦਰਖਾਤੇ ਬਲ਼ਣ ਦੀ ਬਜਾਏ
ਚੱਲ ਸਾਂਝਾਂ ਨੂੰ ਹੀ
ਕਿਸੇ ਧਰਵਾਸ ਦਾ ਨਿੱਘ ਦੇਈਏ
ਰਿਸ਼ਤਿਆਂ ਅੰਦਰਲੀ ਸੰਵੇਦਨਾ ਦੇ
ਠੰਢੀ-ਯਖ਼ ਹੋਣ ਤੋਂ ਪਹਿਲਾਂ
ਟੁੱਟਦੇ-ਮੁੱਕਦੇ ਸਾਹਾਂ ਨੂੰ
ਕਿਸੇ ਵਿਸ਼ਵਾਸ ਦਾ ਨਿੱਘ ਦੇਈਏ...।
•

## ਦੌੜ

ਦੌੜ ਮਹਿਜ਼
ਕਦਮਾਂ ਦੀ ਨਹੀਂ ਹੁੰਦੀ
ਸੋਚਾਂ ਤੇ ਇੱਛਾਵਾਂ ਦੇ
ਵਗ਼ਲੇ ਹੋਏ ਦਾਇਰਿਆਂ ਤੀਕ
ਤੇ ਕਦੇ ਇਸ ਤੋਂ ਵੀ ਵਧੀਕ
ਦੌੜਦੇ ਤੇ ਹਫ਼ਦੇ
ਮਨਾਂ ਦੀ ਵੀ ਹੁੰਦੀ ਏ...

ਕਈ ਆਪਣੇ ਦਾਇਰੇ
ਇੱਕ ਬਿੰਦੂ 'ਚ ਸਮੇਟ
ਬਹਿ ਜਾਂਦੇ ਨੇ ਸਾਧਨਾ ਦੇ ਬਿਰਖ ਹੇਠ
ਕਈਆਂ ਦੇ ਦਾਇਰੇ ਹੋ ਜਾਂਦੇ ਨੇ ਅਸੀਮ
ਜ਼ਿੰਦਗੀ ਦੇ ਹਰ ਫੈਲਾਅ ਤੋਂ ਵੀ ਪਾਰ
ਜੋ ਤਾ-ਉਮਰ ਦੌੜਣ
ਅਮੁੱਕ ਦੌੜ ਦੇ ਸਿਰਨਾਵੇਂ
ਮਨ ਦੀ ਤਖ਼ਤੀ 'ਤੇ ਉਤਾਰ
ਅਜਿਹੀ ਥਾਂ,
ਜਿੱਥੇ ਪਹੁੰਚ
ਖ਼ੁਦ ਦਾ ਵੀ ਪਤਾ ਨਹੀਂ ਲੱਗਦਾ
ਤੇ ਜਿੱਥੋਂ ਵਾਪਸੀ ਦਾ ਵੀ
ਮੁੜ ਕੋਈ ਬਿੰਦੂ ਨਹੀਂ ਲੱਭਦਾ...

ਦੌੜ,
ਜੋ ਸਾਡੀਆਂ
ਸੋਚਾਂ-ਭਟਕਣਾਂ ਦੇ ਰਾਹ ਅੰਦਰ
ਅਵਾਰਗੀ ਬਣ ਕੇ ਧੁਖ਼ਦੀ ਏ
ਸਾਡੇ ਮਨਾਂ ਤੋਂ ਸ਼ੁਰੂ ਹੋ ਕੇ,
ਅਖ਼ੀਰ ਸਾਹਾਂ ਦੇ
ਠੰਢੇ ਪੈਂਦੇ ਸੇਕ ਨਾਲ਼
ਮਨਾਂ ਅੰਦਰ ਹੀ ਆਣ ਮੁੱਕਦੀ ਏ।
•

## ਉਹ ਤੇ ਨਜ਼ਮ

ਮੈਂ ਜਿਸਦੀ ਖ਼ਾਤਰ
ਸ਼ਬਦ ਬੁਣੇ, ਗੀਤ ਸਿਰਜੇ
ਉਹ ਇੱਕ ਦਿਨ
ਰੋਸਿਆਂ ਦੇ ਰਥ ’ਤੇ
ਸਵਾਰ ਹੋ ਕੇ ਕਹਿਣ ਲੱਗੀ,
‘ਕਿੱਥੇ ਕਾਗਜ਼ਾਂ ’ਚ ਖੁੱਭਿਆ ਰਹਿੰਨੈਂ
ਸਾਰਾ-ਸਾਰਾ ਦਿਨ?
ਕਦੇ ਸ਼ਬਦਾਂ ਵਾਂਗ
ਮੈਨੂੰ ਵੀ ਦਿਲ ’ਚ ਉਤਾਰ
ਕਦੇ ਮੈਨੂੰ ਵੀ
ਗ਼ਜ਼ਲ ਜਿਹੀ ਨਜ਼ਾਕਤ ਨਾਲ਼ ਛੂਹ
ਨਗ਼ਮੇ ਵਾਂਗ ਗੁਣਗੁਣਾ
ਜਾਂ ਦੇ ਆਪਣੀਆਂ
ਨਜ਼ਮਾਂ ਵਰਗਾ ਪਿਆਰ।’

ਮੈਂ ਰਤਾ ਮੁਸਕਰਾਇਆ
ਤੇ ਉਸ ਨੂੰ ਸਮਝਾਇਆ,
‘ਮੇਰਾ ਦਿਲ ਤੈਨੂੰ ਵੀ
ਉਸੇ ਸ਼ਿੱਦਤ ਨਾਲ਼ ਚਾਹਵੇ
ਤੇ ਜਿਸ ਦਾ ਅਸਰ ਮੇਰੀਆਂ

ਸਭ ਲਿਖਤਾਂ 'ਚੋਂ ਨਜ਼ਰ ਆਵੇ
ਉਂਞ ਵੀ ਪਿਆਰ-ਵਿਹੂਣਾ ਦਿਲ ਕਦੋਂ
ਸ਼ਬਦਾਂ ਨੂੰ ਗਲ਼ੇ ਲਾਵੇ?'

ਇਹ ਸੁਣਦਿਆਂ ਉਹ ਬੋਲੀ,
'ਮਹਿਜ਼ ਬੋਲਾਂ ਤੋਂ ਵਧਕੇ
ਪਿਆਰ ਕਿਸੇ ਅਹਿਸਾਸ ਦਾ ਨਾਂ ਏ
ਜਿਸਮਾਂ ਦੇ ਨੇੜ ਤੋਂ ਵੀ ਵਧਕੇ
ਇਹ ਰੂਹਾਂ ਦੀ ਇਕਮਿਕਤਾ ਦੇ
ਧਰਵਾਸ ਦਾ ਨਾਂ ਏ
ਇਹ ਸਾਂਝਾਂ ਦੇ ਸਾਗਰ ਅੰਦਰ
ਮੋਹ ਦੀ ਲਹਿਰ ਵਾਂਗ ਏ
ਰੂਹ-ਰਾਗ ਦੇ ਤਵਾਜ਼ਨ ਵਰਗੀ
ਕਿਸੇ ਬਹਿਰ ਵਾਂਗ ਏ
ਇਹ ਨਹੀਂ ਹੈ ਨਿਰਾ ਸ਼ਬਦ-ਜੋੜ,
ਤੂੰ ਹੀ ਦੱਸ ਪਿਆਰ ਨੂੰ
ਭਲਾ ਸ਼ਬਦਾਂ ਦੀ ਕੀ ਲੋੜ।'

ਫਿਰ ਅਸੀਂ
ਦੋਵੇਂ ਖ਼ਾਮੋਸ਼ ਹੋ ਗਏ
ਮੁੱਕ ਗਈ ਦੋ ਸ਼ਾਇਰਾਂ ਦੀ
ਇਹ ਅਦਬੀ ਬਜ਼ਮ
ਪਰ ਉਸ ਦੇ ਚਿਹਰੇ 'ਤੇ
ਅਜੇ ਵੀ ਸਨ
ਪ੍ਰਸ਼ਨ ਚਿੰਨ੍ਹ ਜਿਹੇ ਭਾਵ
ਤੇ ਮੇਰੇ ਜ਼ਿਹਨ ਅੰਦਰ
ਕੋਈ ਨਵੀਂ ਨਜ਼ਮ...!!
●

## ਭਾਰ

ਉਹ ਸ਼ਖ਼ਸ,
ਜੋ ਸਾਹ-ਸਤ ਸਮੇਤ
ਪਾਣੀ ਅੰਦਰ ਡੁੱਬਿਆ
ਤੇ ਲਾਸ਼ ਬਣ
ਪਾਣੀ ਦੇ ਤਲ ਉੱਤੇ
ਤੈਰ ਆਇਆ...

ਜਾਂਦਾ-ਜਾਂਦਾ ਸਮਝਾ ਗਿਆ
ਕਿ ਭਾਰ ਅਸਲ ਵਿੱਚ
ਜਿਸਮ ਦਾ ਨਹੀਂ
ਸਾਹਵਾਂ ਦਾ ਸੀ,
ਉਸ ਤੋਂ ਵੀ ਵਧਕੇ
ਅਧੂਰੀਆਂ-ਬੇਲੋੜੀਆਂ
ਇੱਛਾਵਾਂ ਦਾ ਸੀ।
•

## ਭਟਕਣ

ਤੁਰਨ ਲਈ
ਚਾਹੀਦੀ ਹੈ ਇੱਕ ਦਿਸ਼ਾ
ਇੱਕ ਮਕਸਦ
ਪੈਰਾਂ ਥੱਲੇ ਇੱਕ ਟੋਟਾ ਜ਼ਮੀਨ
ਤੇ ਮਨ ਅੰਦਰ ਸੁਲ਼ਗਦੀ ਚਾਹਤ...

ਤੁਰਦੇ ਰਹਿਣਾ
ਪਰ ਕਿਤੇ ਨਾ ਪਹੁੰਚਣਾ
ਪੈਰਾਂ ਦੀ ਅਵਾਰਗੀ ਹੋ ਸਕਦੈ
ਰੂਹ ਦਾ ਵਣਜਾਰਾਪਣ ਵੀ
ਜਾਂ ਦੁਸ਼ਵਾਰੀਆਂ ਦਾ ਕੋਹਲੂ-ਗੇੜ...

ਤੁਰਦੇ ਕਦਮਾਂ ਨਾਲ ਹੀ
ਪਗਡੰਡੀਆਂ ਬਣਨ
ਪਗਡੰਡੀਆਂ ਤੋਂ ਰਾਹ
ਨਿੱਕੀਆਂ-ਨਿੱਕੀਆਂ ਪੈੜਾਂ, ਵੱਡੇ-ਵੱਡੇ ਪੈਂਡੇ
ਨਿੱਕੇ-ਨਿੱਕੇ ਦਾਇਰੇ, ਵੱਡੀਆਂ-ਵੱਡੀਆਂ ਆਸਾਂ
ਨਿੱਕੇ-ਨਿੱਕੇ ਚਾਅ, ਵੱਡੀਆਂ-ਵੱਡੀਆਂ ਖ਼ੁਸ਼ੀਆਂ
ਪਰ ਵੱਡੀਆਂ-ਵੱਡੀਆਂ ਖ਼ੁਸ਼ੀਆਂ ਦੀਆਂ
ਨਿੱਕੀਆਂ-ਨਿੱਕੀਆਂ ਉਮਰਾਂ..

ਕਦੇ ਅਨਜਾਣ ਰਾਹਾਂ ਦਾ ਡਰ
ਕਦੇ ਖ਼ਿਆਲੀ ਦਾਇਰਿਆਂ ਦਾ ਸੰਤਾਪ
ਕਦੇ ਨਾ ਵਾਪਰਨ ਵਾਲ਼ੇ

ਹਾਦਸਿਆਂ ਦਾ ਤੌਂਖ਼ਲਾ,
ਕਿੰਨਾ ਕੁਝ ਹੈ ਤੁਰਦੇ ਪੈਰਾਂ ਦਾ ਬੰਨ੍ਹਣ....

ਪੈਰਾਂ ਦਾ ਇਹੋ ਬੰਨ੍ਹਣ
ਫਿਰ ਸਫ਼ਰ ਦੇ ਅਰਥ ਬਦਲ ਦੇਵੇ
ਪੈਰਾਂ ਦੇ ਥੱਲਿਓਂ ਜੀਕਣ
ਸਿਦਕ ਦੀ ਜ਼ਮੀਨ ਖਿਸਕ ਜਾਵੇ
ਛੁੱਟ ਜਾਵੇ ਬੜਾ ਕੁਝ ਅੱਧਵਾਟੇ
ਜਿਉਂ ਸਾਥ ਤੁਰਦਿਆਂ
ਕੋਈ ਆਪਣਾ ਵਿੱਛੜ ਜਾਵੇ
ਜਾਂ ਦਿਸ਼ਾ ਹੀ ਵਿੱਸਰ ਜਾਵੇ
ਆਪਣਾ-ਆਪ ਹੀ ਜਿਉਂ
ਸਾਥ ਚੱਲਣੋਂ ਇਨਕਾਰੀ ਹੋ ਜਾਵੇ
ਸਫ਼ਰ ਸਾਧਨਾ ਨਹੀਂ
ਅਵਾਰਗੀ ਬਣ ਜਾਵੇ
ਮਾਰਗ ਜਿਉਂ ਮ੍ਰਿਗ-ਤ੍ਰਿਸ਼ਨਾ
ਫਿਰ ਮੰਜ਼ਿਲ ਵੱਲ ਉੱਠਦਾ
ਹਰ ਕਦਮ ਭਾਰੀ ਹੋ ਜਾਵੇ
ਤੁਰਦਿਆਂ-ਤੁਰਦਿਆਂ
ਰਸਤੇ 'ਚ ਹੀ ਗੁਆਚ ਜਾਣ
ਮੰਜ਼ਿਲ ਦੇ ਸਿਰਨਾਵੇਂ
ਤੇ ਆਪਣੇ ਹੀ ਪਰਛਾਵੇਂ....

ਫਿਰ ਕੁਝ ਵੀ ਬਾਕੀ ਨਾ ਬਚੇ
ਨਾ ਦਿਸ਼ਾ
ਨਾ ਮਕਸਦ ਤੇ ਨਾ ਹੀ ਚਾਹਤ
ਜੇ ਕੁਝ ਬਾਕੀ ਬਚੇ
ਤਾਂ ਬੱਸ ਨਿਰੀ ਭਟਕਣ.....।
•

## ਕਲਾਵੇ 'ਚ ਕਾਇਨਾਤ

*(ਬੇਟੀ ਗੁਨਾਜ਼ ਲਈ)*

ਧਰਤ–ਅਕਾਸ਼
ਦੁਨਿਆਵੀ ਪਸਾਰ
ਖੰਡਾਂ–ਬ੍ਰਹਿਮੰਡਾਂ ਦੀ
ਮੈਨੂੰ ਕੋਈ ਨਾ ਸਾਰ...

ਤੈਨੂੰ ਕਲਾਵੇ 'ਚ ਲਵਾਂ
ਤਾਂ ਪੂਰੀ ਕਾਇਨਾਤ
ਸਿਮਟ ਕੇ
ਮੇਰੀ ਝੋਲ਼ੀ 'ਚ ਆਣ ਪਵੇ।

•

## ਅਜ਼ਾਦੀ ਦਾ ਰੰਗ

ਉਸ ਨੇ ਫੁੱਲ ’ਤੇ ਬੈਠੀ
ਤਿਤਲੀ ਫੜੀ
ਨੀਝ ਲਾ ਉਸ ਵੱਲ ਤੱਕਿਆ
ਤੇ ਕਹਿਣ ਲੱਗੀ,
‘ਕਿੰਨੀ ਸਹਿਜ ਹੋ ਕੇ
ਫੁੱਲ ’ਤੇ ਬੈਠੀ ਹੈ ਇਹ
ਕਿੰਨੇ ਰੰਗ ਨੇ

ਇਹਦੀ ਜ਼ਿੰਦਗੀ ਅੰਦਰ!
ਕਾਸ਼! ਸਾਡੀ ਜ਼ਿੰਦਗੀ ਵੀ
ਏਨੀ ਰੰਗੀਨ ਹੁੰਦੀ
ਏਨੀ ਹੁਸੀਨ ਹੁੰਦੀ
ਸਾਡੇ ਅੰਦਰ ਵੀ
ਏਨਾ ਹੀ ਸਹਿਜ ਹੁੰਦਾ,
ਏਨੀ ਤਸਕੀਨ ਹੁੰਦੀ...।'

ਮੈਂ ਉਸ ਦੇ
ਚਿਹਰੇ ਦੇ ਭਾਵਾਂ ਨੂੰ,
ਅੱਖਾਂ 'ਚ ਤੈਰਦੇ ਚਾਵਾਂ ਨੂੰ
ਕੁਝ ਦੇਰ ਤੱਕਦਾ ਰਿਹਾ
ਤੇ ਫੇਰ ਉਹਦੇ ਕੋਲ਼ ਜਾ ਆਖਿਆ,
'ਕਾਦਰ ਆਪਣੀ
ਕੁਦਰਤ 'ਚ ਆਪ ਸ਼ਾਮਿਲ ਹੋ
ਹਰ ਸ਼ੈਅ ਨੂੰ ਅੰਦਰੂਨੀ ਸੁਹਜ,
ਬਾਹਰੀ ਰੰਗਾਂ ਦੀ ਪਰਤ ਦਿੰਦਾ ਏ
ਪਰ ਕਿਸੇ ਨੂੰ ਬੇਰੋਕ,
ਬੇਖ਼ੌਫ਼ ਉੱਡਣ ਦੀ ਅਜ਼ਾਦੀ ਦੇਣਾ ਹੀ
ਉਹਦੀ ਜ਼ਿੰਦਗੀ ਦੇ ਰੰਗਾਂ ਨੂੰ
ਅਸਲ ਅਰਥ ਦਿੰਦਾ ਏ।'

ਏਨਾ ਆਖ
ਮੈਂ ਆਪਣੀਆਂ ਬਾਹਾਂ ਖਿਲਾਰ
ਉਹਨੂੰ ਖੁੱਲ੍ਹਾ ਅੰਬਰ ਦਿਖਾ ਦਿੱਤਾ
ਤੇ ਉਹਦੇ ਹੱਥੋਂ ਤਿਤਲੀ ਫੜ੍ਹ ਕੇ
ਉਹਨੂੰ ਖੁੱਲ੍ਹੀ ਹਵਾ 'ਚ ਉਡਾ ਦਿੱਤਾ।
•

## ਅਸੀਂ ਹੀ ਹਰ ਵਾਰ

ਤਕਦੀਰ ਰਕਾਨ ਜੇਕਰ
ਸਾਡੇ ਖ਼ਿਆਲਾਂ ਦੀ ਹੀ ਮੂਰਤ ਹੁੰਦੀ
ਤਾਂ ਅਸੀਂ ਵੀ ਜ਼ਿੰਦਗੀ ਕੋਲ਼ੋਂ
ਕੁਝ ਹੋਰ ਨਾ ਚਾਹੁੰਦੇ
ਅਸੀਂ ਵੀ ਖ਼ੌਰੇ
ਖੁਸ਼ੀਆਂ ਦੇ ਚੋਰ ਨਾ ਕਹਾਉਂਦੇ
ਅਸੀਂ ਵੀ
ਮੰਗਵੇਂ ਹਾਸਿਆਂ ਦੀ ਛਾਂ ਥੱਲੇ
ਜੋਬਨ ਦਾ ਸਿਖ਼ਰ ਦੁਪਹਿਰਾ ਨਾ ਕੱਟਦੇ

ਅਸੀਂ ਵੀ ਰੂਹ ਦਾ ਖ਼ਲਾਅ
ਬੇਲੋੜੇ ਸ਼ੋਰ ਨਾਲ਼ ਨਾ ਭਰਦੇ
ਅਸੀਂ ਵੀ ਸ਼ੀਸ਼-ਮਹਿਲੀਂ ਮਹਿਫ਼ਲਾਂ ਅੰਦਰ
ਰੌਸ਼ਨੀ ਦਾ ਲਿਬਾਸ ਪਹਿਨ ਕੇ ਵੜਦੇ...

ਅਸੀਂ ਹੀ ਹਰ ਵਾਰ
ਝਨਾਂ ਵਿਚ ਡੁੱਬਦੇ ਹਾਂ
ਥਲਾਂ ਵਿੱਚ ਸੜਦੇ ਹਾਂ
ਜੰਡ ਥੱਲੇ ਮਰਦੇ ਹਾਂ,
ਅਸੀਂ ਹੀ ਹਰ ਵਾਰ
ਹੋਣੀ ਦੇ ਬੋਲਾਂ ਦਾ ਤਰਜਮਾ
ਮੌਤ ਦੀ ਲਿਪੀ 'ਚ ਕਰਦੇ ਹਾਂ
ਅਸੀਂ ਹੀ ਉਹ ਬਸ਼ਰ ਹਾਂ
ਜੋ ਸਮੇਂ ਦੇ ਤੇਜ਼ ਖ਼ੰਜਰ ਉੱਤੇ
ਆਪਣੀ ਚਾਅ-ਵਿਹੂਣੀ ਹਿੱਕ ਧਰਦੇ ਹਾਂ...

ਉਂਞ ਤਪਦੇ ਥਲਾਂ ਅੰਦਰ
ਝਨਾਂ ਦੇ ਹੜ੍ਹਾਂ ਅੰਦਰ
ਜੰਡ ਦੀਆਂ ਜੜ੍ਹਾਂ ਅੰਦਰ
ਰੂਹ ਦਾ ਗੁਲਾਬ ਖਿੜ ਹੀ ਜਾਣਾ ਸੀ
ਸਾਨੂੰ ਵੀ ਜ਼ਿੰਦਗੀ ਦੇ ਸ਼ਬਦਕੋਸ਼ 'ਚੋਂ
'ਜਿਉਣ' ਵਰਗਾ ਸ਼ਬਦ
ਮਿਲ਼ ਹੀ ਜਾਣਾ ਸੀ
ਤਕਦੀਰ ਰਕਾਨ ਜੇਕਰ
ਸਾਡੇ ਖ਼ਿਆਲਾਂ 'ਚ ਵਸੀ ਮੂਰਤ ਹੁੰਦੀ
ਤਾਂ ਉਹ ਖ਼ੂਬ ਹੁੰਦੀ,
ਬਹੁਤ ਖ਼ੂਬ ਹੁੰਦੀ ਤੇ ਖ਼ੂਬਸੂਰਤ ਹੁੰਦੀ।
•

## ਹਮਸਫ਼ਰ

ਕੱਲ੍ਹ ਦੀਆਂ ਯਾਦਾਂ
ਭਲ਼ਕ ਦਾ ਤੌਖ਼ਲਾ
ਅੱਜ ਦੀਆਂ
ਲਾਚਾਰੀਆਂ ਤੇ ਦੁਸ਼ਵਾਰੀਆਂ,
ਕਿੰਨਾ ਹੀ ਕੁਝ ਹੈ
ਜੋ ਤੁਰੇ ਮੇਰੇ ਨਾਲ਼-ਨਾਲ਼...

ਐਵੇਂ ਸੋਚਿਆ ਨਾ ਕਰ
ਕਿ ਕਿੰਨਾ ਇਕੱਲਾ ਹਾਂ ਮੈਂ...।
•

## ਖ਼ਾਮੋਸ਼ ਮਹਾਂਨਗਰ

ਮਹਾਂਨਗਰ ਦੇ ਸ਼ੋਰ-ਸ਼ਰਾਬੇ
ਤੇ ਦੌੜ-ਭੱਜ ਦਰਮਿਆਨ ਵੀ
ਪਸਰੀ ਹੈ ਕੋਈ ਅਣਚਾਹੀ ਖ਼ਾਮੋਸ਼ੀ
ਰਸਤਿਆਂ ਵਿਚ-ਰਿਸ਼ਤਿਆਂ ਵਿਚ
ਸੋਚਾਂ ਵਿਚ-ਸੁਫਨਿਆਂ ਵਿਚ
ਖ਼ਾਮੋਸ਼ੀ ਹੀ ਹੈ ਹਰ ਜਗ੍ਹਾ....

ਸ਼ਹਿਰ ਲਗਾਤਾਰ ਦੌੜ ਰਿਹੈ
ਸ਼ੋਰ ਹੋਰ ਵੀ ਉੱਚਾ ਹੋ ਰਿਹੈ
ਖ਼ਾਮੋਸ਼ੀ ਹੋਰ ਗਹਿਰੀ ਹੋ ਰਹੀ...

ਮਹਾਂਨਗਰ ਅੰਦਰ ਸੜਕਾਂ
ਇਮਾਰਤਾਂ ਤੇ ਮਕਾਨਾਂ ਦਰਮਿਆਨ
ਖ਼ਾਮੋਸ਼ੀ ਦੇ ਪਹਿਰੇ ਨੇ
ਉਲਝੇ ਹੋਏ ਰਸਤੇ ਨੇ
ਤਿੜਕੇ ਹੋਏ ਚਿਹਰੇ ਨੇ
ਤੇ ਹਰ ਉਲਝਣ, ਹਰ ਤਿੜਕਣ ਦੇ
ਉਰਵਾਰ-ਪਾਰ ਇੱਕ ਖ਼ਾਮੋਸ਼ੀ...

ਮਹਾਂਨਗਰ ਬੜਾ ਉਦਾਸ ਹੈ
ਬੰਦ ਮਕਾਨਾਂ
ਮਸਨੂਈ ਮੁਸਕਾਨਾਂ
ਮੋਏ ਅਰਮਾਨਾਂ ਵਾਲ਼ਾ ਮਹਾਂਨਗਰ
ਅੱਜ ਬੜਾ ਹੀ ਖ਼ਾਮੋਸ਼ ਏ
ਤੇ ਇਹ ਖ਼ਾਮੋਸ਼ੀ ਦਾ ਦਸਤਾਵੇਜ਼
ਬਿਮਾਰ-ਉਦਾਸ ਕੰਧਾਂ 'ਤੇ ਚਿਪਕਾ ਕੇ
ਬਹੁਤ ਬੇਰੰਗ
ਬਹੁਤ ਬੇਨੂਰ ਜਾਪਦਾ ਏ ਮਹਾਂਨਗਰ...

ਕਿਤੇ ਨਾ ਖ਼ਾਬਾਂ ਦੇ ਰੰਗ ਲੱਭਣ
ਕਿਤੇ ਨਾ ਤਲਖ਼ੀਆਂ ਦੀ ਰਾਤ ਮੁੱਕੇ
ਕਿਤੇ ਨਾ ਆਸਾਂ ਵਾਲ਼ਾ ਦਿਨ ਚੜ੍ਹੇ
ਤੇ ਨਾ ਹੀ ਕਦੇ ਮਹਾਂਨਗਰ
ਨੀਂਦ ਦੀ ਬੁੱਕਲ 'ਚ ਸਿਰ ਧਰੇ
ਉਂਞ ਮਹਾਂਨਗਰ ਕੋਲ਼
ਵਿਹਲ ਵੀ ਕਦ
ਕਿ ਸਾਰੀ-ਸਾਰੀ ਰਾਤ
ਪਾਵੇ ਤਾਰਿਆਂ ਨਾਲ਼ ਬਾਤ
ਤੇ ਕਦੇ ਚੰਦ ਮੁੱਠੀ 'ਚ ਫੜੇ...

ਜੇ ਮਹਾਂਨਗਰ ਸੌਂਵੇ ਵੀ
ਤਾਂ ਸੜਕਾਂ ਉੱਪਰ ਸੁਫਨੇ ਜਾਗਣ
ਲੋਕ ਸੌਣ, ਖ਼ਾਮੋਸ਼ੀ ਜਾਗੇ
ਖ਼ਾਮੋਸ਼ੀ,
ਜੋ ਚੱਲਦੀ ਹੈ
ਮਹਾਂਨਗਰ ਦੇ ਨਾਲ਼-ਨਾਲ਼
ਜੋ ਕਦੇ ਦੌੜੇ ਇਸ ਦੇ ਨਾਲ਼-ਨਾਲ਼
ਤੇ ਕਦੇ ਮਲਕੜੇ ਜਿਹੇ
ਘਰ ਬਣਾ ਲਵੇ
ਹਰ ਚਿਹਰੇ ਉੱਪਰ
ਹਰ ਰਸਤੇ, ਹਰ ਰਿਸ਼ਤੇ ਦਰਮਿਆਨ...

ਅਕਸਰ ਸ਼ੋਰ-ਸ਼ਰਾਬੇ ਨਾਲ਼ ਭਰਿਆ
ਤੇ ਰਫ਼ਤਾਰ ਦੇ ਘੋੜੇ 'ਤੇ ਚੜ੍ਹਿਆ
ਇਹ ਮਹਾਂਨਗਰ
ਸੱਚ-ਮੁੱਚ ਬੜਾ ਖ਼ਾਮੋਸ਼ ਹੈ....।
•

## ਬਚਪਨ

ਉਮਰ ਦੀ ਟਾਹਣੀ 'ਤੇ
ਫੁੱਟੀਆਂ ਕੋਮਲ ਕਰੂੰਬਲਾਂ
ਕਦ ਹਰੇ-ਭਰੇ ਪੱਤੇ ਬਣੀਆਂ,
ਪਤਾ ਹੀ ਨਹੀਂ ਲੱਗਿਆ...

ਇਨ੍ਹਾਂ ਪੱਤਿਆਂ 'ਚ ਕਦੇ ਕੁਝ
ਸੰਗੀਤ ਜਿਹਾ ਨਹੀਂ ਘੁਲ਼ਿਆ
ਕਦੇ ਸਰਸਰਾਉਂਦੀਆਂ ਹਵਾਵਾਂ ਨੇ
ਮਹਿਕਾਂ ਦੇ ਪੰਘੂੜੇ ਪਾ ਕੇ
ਲੋਰੀਆਂ ਨਹੀਂ ਦਿੱਤੀਆਂ
ਬਦਲਦੇ ਮੌਸਮਾਂ ਦੀਆਂ ਅੰਗੜਾਈਆਂ
ਕਦੇ ਮੇਰੇ ਨੇੜ ਨਾ ਆਈਆਂ
ਬਹਾਰ ਦਾ ਮੌਸਮ ਵੀ ਮੇਰੇ ਲਈ
ਰਿਹਾ ਓਪਰਾ ਤੇ ਪਰਾਇਆ
ਨਾ ਕਦੀ ਇਸ ਰੁੱਤ ਦੀ ਆਮਦ
ਮੇਰੀ ਕਾਇਆ ਨੂੰ ਮਹਿਕਾਇਆ...

ਅੱਜ ਜਦ
ਪੱਤੇ ਪੀਲ਼ੇ ਹੋਣ ਦਾ ਅਹਿਸਾਸ
ਮੈਨੂੰ ਧੁਰ ਅੰਦਰੋਂ ਝੰਜੋੜਦਾ ਏ
ਮੈਂ ਪਿਛਾਂਹ ਮੁੜ ਦੇਖਦਾ ਹਾਂ

ਬਾਲ-ਵਰੇਸ ਬਾਰੇ ਸੋਚਦਾ ਹਾਂ
ਮੈਂ ਨਵੇਂ ਸਿਰਿਓਂ
ਕਰੂੰਬਲ ਬਣਨਾ ਲੋਚਦਾ ਹਾਂ
ਪਰ ਵਕਤ ਦੀ ਲਹਿਰ
ਸੋਚ ਦੇ ਸਭ ਕਿਨਾਰੇ
ਖੋਰ ਦਿੰਦੀ ਏ
ਹਰ ਲਹਿਰ ਦੇ ਵੇਗ ਨਾਲ਼
ਮੇਰੀ ਹਰ ਰੀਝ, ਹਰ ਉਮੀਦ
ਬੇਵਸੀ ਦੇ ਕੰਢੇ ਨਾਲ਼ ਟਕਰਾ ਕੇ
ਜੰਮਦਿਆਂ ਹੀ ਦਮ ਤੋੜ ਦਿੰਦੀ ਏ...

ਫਿਰ ਮਨ ਸਮਝਾ ਲੈਂਦਾ ਹਾਂ
ਕਿ ਤੋਤਲੀ ਉਮਰੇ ਗੁਜ਼ਰੇ
ਮੌਜ-ਬਹਾਰਾਂ ਦੇ ਖ਼ੁਸ਼ਰੰਗ ਪਲ
ਉਹ ਅਣਭੋਲ਼ ਨਾਦਾਨੀਆਂ
ਤੇ ਮਾਸੂਮ ਸ਼ੈਤਾਨੀਆਂ
ਜ਼ਿੰਦਗੀ ਦੇ ਦਰਿਆ 'ਚੋਂ ਗੁਜ਼ਰੇ
ਉਮਰਾਂ ਦੇ ਉਹ ਪਾਣੀ,
ਹੁਸੀਨ ਯਾਦਾਂ ਹੀ ਬਣ ਸਕਦੇ ਨੇ
ਨਹੀਂ ਬਣਨੇ ਅੱਜ ਦੇ ਹਾਣੀ...

ਆਪਣੀ ਚਾਲੇ ਤੁਰਦਾ ਸਮਾਂ
ਬੜੇ ਹੀ ਰੂਪ ਵਟਾਉਂਦਾ
ਬੜੇ ਹੀ ਰੰਗ ਦਿਖਾਉਂਦਾ
ਪਰ ਮੁੱਠੀ 'ਚੋਂ ਕਿਰਿਆ ਬਚਪਨ
ਮੁੜ ਵਾਪਸ ਨਹੀਂ ਆਉਂਦਾ...
•

## ਗੁਸਤਾਖ਼ ਸ਼ਬਦ

ਮੈਨੂੰ ਏਨੀ ਸਮਝ ਨਹੀਂ
ਕਿ ਮੈਂ ਆਪਣੇ ਅੱਥਰੇ ਬੋਲਾਂ,
ਗੁਸਤਾਖ਼ ਸ਼ਬਦਾਂ ਨੂੰ ਕਿਵੇਂ
ਕਾਵਿ-ਸੁਹਜ ਦੇ ਸਾਂਚੇ 'ਚ ਧਰਾਂ
ਜਾਂ ਤੇਰੀਆਂ ਸੱਧਰਾਂ ਦੇ ਹਾਣ ਦੇ ਕਰਾਂ...

ਮੈਂ ਇਨ੍ਹਾਂ ਸ਼ਬਦਾਂ ਨੂੰ ਸੱਭਿਅਕਤਾ
ਤੇ ਤਹਿਜ਼ੀਬ ਦੀ ਚਾਸ਼ਣੀ ਅੰਦਰ
ਵਾਰ-ਵਾਰ ਲਬੇੜਦਾ ਹਾਂ
ਬਥੇਰਾ ਆਪਣੇ ਸ਼ਾਲੀਨ ਹੋਣ ਦਾ
ਭਰਮ ਪਾਲ਼ਦਾ ਹਾਂ
ਪਰ ਇਹ ਸ਼ਬਦ ਬੜੇ ਗੁਸਤਾਖ਼ ਨੇ,
ਇਹ ਹਰ ਵਾਰ ਮੂਹਰੇ ਹੋ ਕੇ
ਮੇਰੇ 'ਤੇ ਉਂਗਲੀ ਧਰਦੇ ਨੇ
ਸ਼ੀਸ਼ਾ ਬਣ ਸਾਹਵੇਂ ਖੜ੍ਹਦੇ ਨੇ,
ਮੇਰੇ ਕਿਰਦਾਰ ਦਾ, ਗੁਫ਼ਤਾਰ ਦਾ
ਉਹ ਹਿੱਸਾ ਨੰਗਾ ਕਰਦੇ ਨੇ
ਜਿਸ ਬਾਰੇ ਅਕਸਰ
ਮੈਂ ਖ਼ੁਦ ਨੂੰ ਵੀ ਧੋਖਾ ਦਿੰਦਾ ਹਾਂ...

ਕਦੇ ਮੈਂ ਇਨ੍ਹਾਂ ਸ਼ਬਦਾਂ ਨੂੰ
ਸਿਆਹ ਰਾਤ ਅੰਦਰ
ਰੌਸ਼ਨੀਆਂ ਦਾ ਪਤਾ ਦੱਸਦਾ ਹਾਂ
ਕਦੇ ਹਨੇਰੇ ਦੀ ਹਿੱਕ ਉੱਤੇ
ਦੀਵੇ ਬਣ ਜਗਣ ਦਾ ਹੌਸਲਾ ਦਿੰਦਾ ਹਾਂ
ਪਰ ਮੈਂ ਆਪਣੇ ਧੁਰ ਅੰਦਰੋਂ
ਚਾਨਣ ਤੋਂ ਡਰਦਾ ਵੀ ਬਹੁਤ ਹਾਂ...

ਮੈਨੂੰ ਪਤਾ ਏ ਕਿ ਸ਼ਬਦ
ਤਖ਼ਤ ਤੋਂ ਤਖ਼ਤੇ ਦਾ
ਸਫ਼ਰ ਵੀ ਤੈਅ ਕਰਦੇ ਨੇ
ਗਲ਼ ਪੈਂਦੇ ਹਾਰਾਂ ਤੋਂ
ਫਾਹੇ ਦੀ ਰੱਸੀ ਤੀਕ ਵੀ
ਸ਼ਬਦ ਇਤਿਹਾਸ ਵੀ ਬਣਦੇ
ਤੇ ਇਤਿਹਾਸਕ ਫ਼ਰਮਾਨ ਵੀ
ਕਦੇ ਇਹ ਜੀਣ ਦੀ ਵਜ੍ਹਾ ਬਣਨ
ਤੇ ਕਦੇ ਮੌਤ ਦਾ ਸਮਾਨ ਵੀ
ਤਾਂ ਹੀ ਇਨ੍ਹਾਂ ਸ਼ਬਦਾਂ ਦੀ ਬੇਬਾਕੀ ਨੂੰ
ਮੈਂ ਕਦੇ ਚਾਪਲੂਸੀ ਦੇ
ਵਾਕ-ਯੁੱਧ ਅੰਦਰ ਕਤਲ ਕਰਾਉਂਦਾ ਹਾਂ
ਤੇ ਕਦੇ ਆਪਣੀ
ਬੁਜ਼ਦਿਲੀ ਦੇ ਜੰਗਲ ਅੰਦਰ
ਇਨ੍ਹਾਂ ਦੇ ਗੁੰਮ ਹੋ ਜਾਣ ਦੀ ਉਡੀਕ ਕਰਦਾ ਹਾਂ
ਪਰ ਇਹ ਹਰ ਵਾਰ ਪਰਤ ਆਉਂਦੇ ਨੇ
ਪਹਿਲਾਂ ਤੋਂ ਵਧੇਰੇ ਤਕੜੇ ਹੋ ਕੇ
ਪਹਿਲਾਂ ਤੋਂ ਵੀ ਵਧੇਰੇ ਬੇਬਾਕ ਬਣ ਕੇ
ਤੇ ਮੈਂ ਹਰ ਵਾਰ ਪਰਤ ਆਉਂਦਾ ਹਾਂ
ਨਮੋਸ਼ੀ ਦਾ ਇੱਕ ਹੋਰ ਤਮਗਾ
ਆਪਣੇ ਸੀਨੇ ਤੇ ਲਟਕਾ ਕੇ...

ਮੈਨੂੰ ਜਾਪਦਾ ਏ ਕਿ
ਹੁਣ ਮੇਰੇ ਇਹ ਸ਼ਬਦ
ਜਲਦ ਹੀ ਵਿਦਰੋਹ ਕਰ ਦੇਣਗੇ
ਮੇਰੀ ਚੁੱਪ,
ਮੇਰੀ ਕਾਇਰਤਾ ਦੇ ਖ਼ਿਲਾਫ਼
ਆਖ਼ਰ ਮੈਂ ਕਦ ਤੱਕ

ਸੱਚ ਤੋਂ ਨਜ਼ਰਾਂ ਚੁਰਾਉਣ ਦੀ ਜ਼ਿੱਲਤ
ਆਪਣੇ ਕਾਇਰ ਮਨ 'ਤੇ ਹੰਢਾਵਾਂਗਾ
ਕਦ ਤੱਕ ਤੁੱਛ ਸਵਾਰਥਾਂ ਖ਼ਾਤਰ
ਆਪਣੇ ਹੀ ਵਜੂਦ ਦੇ
ਕਿਸੇ ਹਿੱਸੇ ਨਾਲ਼ ਲੜਦਾ ਰਹਾਂਗਾ
ਤੇ ਇਨ੍ਹਾਂ ਬੋਲਾਂ ਨੂੰ ਸਹਿਕਦੇ ਇਖ਼ਲਾਕ ਦੀ
ਯੁੱਧਭੂਮੀ ਜਾਣੋਂ ਵਰਜਦਾ ਰਹਾਂਗਾ...

ਹੁਣ ਹੋ ਸਕਦਾ ਏ
ਜ਼ਿਹਨ ਦੇ ਕੁਰੂਖੇਤਰ ਅੰਦਰ
ਇੱਕ ਆਖ਼ਰੀ ਯੁੱਧ ਲੜਿਆ ਜਾਵੇ
ਜਿਸ 'ਚ ਮੇਰੇ ਕੌਰਵ-ਮਨ ਖ਼ਿਲਾਫ਼
ਵਿਰੋਧੀ ਧਿਰ ਇਹ ਸ਼ਬਦ ਹੀ ਬਣਨ
ਮੈਂ ਭਾਵੇਂ ਭੀਸ਼ਮ ਦੀ ਨਿਆਈਂ
ਚਾਹੁੰਦਿਆਂ-ਨਾਚਾਹੁੰਦਿਆਂ
ਕੌਰਵਾਂ ਦੇ ਹੱਕ 'ਚ ਲੜਾਂ
ਪਰ ਮੈਂ ਅੰਦਰੋਂ-ਅੰਦਰੀ
ਪਾਂਡਵਾਂ ਦੇ ਹੱਕ
ਜਾਂ ਸ਼ਬਦਾਂ ਦੇ ਸੱਚ ਦੇ
ਜਿੱਤਣ ਦੀ ਕਾਮਨਾ ਕਰਾਂ...

ਮੈਨੂੰ ਇਹ ਵੀ ਪਤਾ ਹੈ
ਕਿ ਇਸ ਵਾਰ
ਮੇਰਾ ਸੀਨਾ ਛਲਣੀ ਕਰਨ ਵੇਲ਼ੇ
ਇਹ ਸ਼ਬਦੀ-ਅਰਜਨ
ਭੋਰਾ ਵੀ ਲਿਹਾਜ਼ ਨਹੀਂ ਕਰਨਗੇ...

ਸ਼ਬਦ ਸੱਚਮੁਚ ਬੜੇ ਗੁਸਤਾਖ਼ ਨੇ...!!
•

## ਘਰ ਅੰਦਰਲਾ ਬਣਵਾਸ

ਘਰ ਤੇ ਬਣਵਾਸ ਦੇ ਅਰਥ ਤਾਂ
ਪਤਾ ਨੇ ਮੈਨੂੰ
ਘਰਾਂ ਅੰਦਰਲੇ ਬਣਵਾਸ ਨੂੰ
ਕੀ ਨਾਂ ਦੇਵਾਂ?

ਇਹ ਬਣਵਾਸ,
ਜੋ ਵਸੇ ਮਨ ਦੇ ਕਿਸੇ ਕੋਨੇ
ਤੁਰੇ ਤਨ ਦੇ ਨਾਲ਼-ਨਾਲ਼
ਇਹ ਬਣਵਾਸ ਹੰਢਾਉਣ ਖ਼ਾਤਰ
ਰੋਜ਼ ਸੋਚਾਂ-ਫ਼ਿਕਰਾਂ ਦਾ

ਕੋਈ ਕਾਫ਼ਲਾ ਤੁਰੇ
ਮੇਰੀ ਰੂਹ ਤੋਂ
ਕਿਸੇ ਅਨਜਾਣ ਜੂਹ ਵੱਲ...

ਘਰ ਅੰਦਰ ਹਰ ਘੜੀ
ਹੋਂਦ ਦੀ ਵਿਚਾਰਗੀ
ਤੇ ਮਨ ਦੀ ਤਿਸ਼ਨਗੀ
ਮੇਰੇ ਦਿਲ 'ਤੇ ਵਾਰ ਕਰੇ
ਹਰ ਰੋਜ਼ ਮੇਰਾ ਆਪਾ
ਖ਼ਿਆਲਾਂ ਅੰਦਰਲੇ ਖ਼ਲਾਅ
ਤੇ ਸਾਂਝਾਂ ਦੇ ਸਹਿਰਾਅ 'ਚੋਂ ਗੁਜ਼ਰੇ
ਤੇ ਕਦੇ ਚੁੱਪ ਦੀ ਨਦੀ ਪਾਰ ਕਰੇ...

ਜਦ ਘਰ ਅੰਦਰ ਪਸਰੀ
ਖ਼ਾਮੋਸ਼ੀ ਦੇ ਨਾਲ਼ ਮਿਲ਼ੇ
ਰਿਸ਼ਤਿਆਂ ਅੰਦਰਲੀ ਚੁੱਪ
ਤਾਂ ਉਮੀਦ ਦੇ ਅੰਬਰ 'ਤੇ ਛਾਏ
ਸ਼ੰਕਿਆਂ ਦੇ ਬੱਦਲ
ਹੋਰ ਵੀ ਗਹਿਰੇ-ਸਲੇਟੀ ਹੋ ਜਾਣ
ਨਜ਼ਰੋਂ ਓਹਲੇ ਹੋ ਜਾਵੇ
ਬਚੀ-ਖੁਚੀ ਆਸ ਦਾ ਸੂਰਜ
ਉਦਾਸੀ, ਮਲਕੜੇ ਜਿਹੇ ਉਤਰ ਆਏ
ਮੇਰੇ ਘਰ ਦੀਆਂ ਪੌੜੀਆਂ...

ਫਿਰ ਚਿੱਤ ਕਰੇ
ਤੜਫ਼ਦੀਆਂ ਤਾਂਘਾਂ ਨੂੰ
ਸਹਿਕਦੀਆਂ ਸਾਂਝਾਂ ਨੂੰ
ਬੇਵਸੀ ਦੇ ਬਨੇਰੇ ਚੜ੍ਹ ਮਰਨ ਦੇਵਾਂ

ਹਯਾਤੀ ਦੇ ਥਲਾਂ 'ਚ ਭਟਕਦੀ
ਰੀਝਾਂ ਦੀ ਪਿਆਸੀ ਕੂੰਜ ਨੂੰ
ਏਸ ਚੁੱਪ ਦੀ ਅਗਨ 'ਚ ਸੜਨ ਦੇਵਾਂ...

ਕੁਝ ਰਿਸ਼ਤੇ
ਨਾ ਤਾਂ ਤੇਹਾਂ ਜਗਾਉਣ
ਨਾ ਹੀ ਤੇਹਾਂ ਬੁਝਾਉਣ
ਸਲ੍ਹਾਬੀ ਮਾਚਿਸ ਜਿਹੇ ਇਹ ਰਿਸ਼ਤੇ
ਕਿਸੇ ਵੀ ਕੰਮ ਨਾ ਆਉਣ...

ਘਰ ਵਿੱਚ ਪਏ ਗੁਲਦਾਨ ਵਿਚਲੇ
ਮਸਨੂਈ ਫੁੱਲਾਂ ਜਿਹਾ ਹਾਸਾ ਹੱਸਦੇ
ਤੇ ਰਸਮੀ ਜਿਹੇ ਰਵੱਈਏ ਦਾ
ਮਖੌਟਾ ਪਾਈ ਬੈਠੇ ਚਿਹਰੇ
ਕੋਈ ਅੰਦਰੂਨੀ ਕਸਕ ਹੰਢਾਉਂਦੇ ਨੇ
ਬੇਵਿਸਾਹੀ ਦੀ ਧੁੱਪ ਅੰਦਰ
ਆਪਣੇ ਹਿੱਸੇ ਦੀ ਛਾਂ ਤਲਾਸ਼ਦੇ
ਤੇ ਘਰ 'ਚ ਆਪਣੀ ਥਾਂ ਤਲਾਸ਼ਦੇ
ਉਹ ਬੇਗਾਨਗੀ ਤੇ ਵੈਰਾਨਗੀ ਦੇ
ਅਹਿਸਾਸ ਹੇਠ ਜਿਉਂਦੇ ਨੇ
ਇੰਝ ਨੰਗੇ ਪੈਰੀਂ ਚਿੰਬੜੇ
ਭੱਖੜੇ ਦੇ ਕੰਡਿਆਂ ਜਿਹੇ ਰਿਸ਼ਤੇ,
ਰਸਮੀ ਜਿਹੇ ਰਵੱਈਏ
ਤੇ ਇਹ ਓਪਰੇਪਨ ਦੇ ਅਹਿਸਾਸ
ਘਰ ਨੂੰ ਬਣਾਉਂਦੇ ਨੇ
ਮਹਿਜ਼ ਇੱਕ ਬਣਵਾਸ...।
•

## ਚਾਨਣ ਦੇ ਵਾਰਿਸ

ਚਾਨਣ ਦੇ ਵਾਰਿਸੋ!
ਹਨ੍ਹੇਰੇ ਨਾਲ਼ ਲੜੇ ਗਏ
ਲੰਬੇ ਮਹਾਂਯੁੱਧ ਦੀ ਗਾਥਾ ਤੁਹਾਡੇ ਲਈ
ਸੁਨਹਿਰੀ ਇਤਿਹਾਸ ਜ਼ਰੂਰ ਏ
ਪਰ ਇਸ ਮਹਾਂਯੁੱਧ ਦੇ ਨਾਇਕਾਂ,
ਤੁਹਾਡੇ ਪਿੱਤਰਾਂ ਦੇ ਸੀਨਿਆਂ ਉੱਪਰ
ਲਹੂ ਨਾਲ਼ ਲਿਖਿਆ ਯਥਾਰਥ ਵੀ ਏ...

ਪਿੱਤਰਾਂ,
ਜਿਨ੍ਹਾਂ ਹਨ੍ਹੇਰੇ ਦੇ ਕਿਲ੍ਹੇ ਤੋੜ ਕੇ
ਤੁਹਾਡਾ ਰਾਹ ਰੁਸ਼ਨਾਇਆ
ਆਪਣੇ ਹਿੱਸੇ ਦਾ ਚਾਨਣ
ਤੁਹਾਡੀ ਜ਼ਿੰਦਗੀ ਦੀ
ਲੋਅ ਦੇ ਲੇਖੇ ਲਾਇਆ
ਉਹ ਜ਼ਰੂਰ ਤੱਕਦੇ ਹੋਣਗੇ
ਆਪਣੇ ਸੁਪਨ-ਲੋਕ ਦਾ ਮੰਜ਼ਰ
ਇਸ ਦੁਨੀਆ ਤੋਂ ਕਿਤੇ ਦੂਰ
ਤੁਹਾਡੀ ਸੋਚ ਦੀ ਹੱਦ ਤੋਂ ਪਾਰ,
ਕੋਈ ਨਾ ਕੋਈ ਰੂਪ ਧਾਰ...

ਪਿੱਤਰ ਚਾਹੇ ਖ਼ੁਦ ਨਾ ਆ ਸਕਣ
ਪਰ ਉਹ ਇਸ਼ਾਰਿਆਂ ਰਾਹੀਂ
ਮੌਸਮਾਂ ਦੇ ਹੁੰਗਾਰਿਆਂ ਰਾਹੀਂ
ਆਪਣੇ ਸੁਨੇਹੇਂ ਘੱਲਦੇ ਨੇ
ਕਦੇ ਕੰਨ ਲਾ ਸੁਣਨਾ,
ਹਵਾਵਾਂ-ਫ਼ਿਜ਼ਾਵਾਂ ਅੰਦਰੋਂ
ਉਨ੍ਹਾਂ ਦੇ ਚੀਸਾਂ-ਹਉਕੇ ਸੁਣਨਗੇ
ਕਦੇ ਸੂਰਜ ਦੇ ਸੇਕ ਰਾਹੀਂ
ਉਨ੍ਹਾਂ ਦੀਆਂ ਹਿੱਕਾਂ 'ਚੋਂ ਉੱਠਦਾ ਉਬਾਲ਼
ਕਦੇ ਰੋਸਿਆਂ ਭਰੇ ਸੰਵਾਦ
ਜਾਂ ਕਈ ਹੋਰ ਸੁਲ਼ਗਦੇ ਸਵਾਲ
ਭਾਫ਼ ਬਣ ਕੇ ਉੱਡ ਚੁੱਕੇ ਉਨ੍ਹਾਂ ਦੇ ਸੁਫਨੇ
ਬਾਰਿਸ਼ ਦੀਆਂ ਬੂੰਦਾਂ ਦੇ ਰੂਪ ਵਿਚ
ਹੰਝੂ ਬਣ ਕੇ ਕਿਰਨਗੇ
ਹੋ ਕੇ ਰੋਹ ਦੇ ਬੱਦਲ਼ 'ਤੇ ਸਵਾਰ
ਸਿਆਹ ਰਾਤ ਅੰਦਰ
ਉਹ ਯਕੀਨਨ ਤੱਕਦੇ ਹੋਣਗੇ
ਤੁਹਾਡੇ ਭਵਿੱਖ ਦਾ ਅੰਧਕਾਰ...

ਉਂਞ ਸੌਖਾ ਬੜਾ ਹੁੰਦਾ ਏ
ਵੀਰ-ਗਾਥਾਵਾਂ ਦੁਹਰਾਉਂਦੇ ਰਹਿਣਾ
ਪਿੱਤਰਾਂ ਦੇ ਕਿੱਸੇ ਸੁਣਾਉਂਦੇ ਰਹਿਣਾ,
ਆਪਣੇ ਹਿੱਸੇ ਦਾ ਹਨ੍ਹੇਰ
ਦੂਰ ਕਰਨ ਦੀ ਥਾਂ
ਉਸ ਨੂੰ ਰੌਸ਼ਨ-ਅਤੀਤ ਦੇ ਡਰਾਵੇ ਦੇਣਾ
ਆਪਣੀ ਨਾਕਾਮੀ ਦੇ ਕੰਢੇ ਖੜ੍ਹ ਕੇ
ਕਦੇ ਆਪ, ਕਦੇ ਹੋਰਾਂ ਨੂੰ
ਮਾਣਮੱਤੇ ਵਿਰਸੇ ਦੇ ਛਲਾਵੇ ਦੇਣਾ...

ਪਰ ਔਖਾ ਬੜਾ ਏ
ਪਿੱਤਰਾਂ ਵੱਲੋਂ ਪਾਲ਼ੇ ਤੇ ਸੰਭਾਲ਼ੇ
ਸ੍ਵੈ-ਮਾਣ ਦੇ ਬਿਰਖ ਨੂੰ
ਪੀੜ੍ਹੀਆਂ ਤੱਕ ਕਾਇਮ ਰੱਖਣਾ
ਹਨ੍ਹੇਰੇ ਰਾਹਾਂ ਉੱਪਰ ਬੇਮਕਸਦ,
ਬੇਸੁਧ ਤੁਰਨ ਦੀ ਥਾਂ
ਹੱਥੀਂ ਕਸ਼ੀਦੇ ਸੱਚ ਦੇ ਚਾਨਣ ਨੂੰ
ਸਿਦਕ ਦੀ ਤਲੀ 'ਤੇ ਰੱਖ ਕੇ ਚੱਖਣਾ...

ਸਮੇਂ ਦੀ ਗਰਦ ਹੇਠ ਗੁਆਚੇ
ਚਾਨਣ ਦੇ ਵਾਰਿਸੋ!
ਇੱਕ ਅੰਦਰੂਨੀ ਮਹਾਂਯੁੱਧ
ਕਰ ਰਿਹਾ ਏ ਤੁਹਾਡਾ ਇੰਤਜ਼ਾਰ
ਜਿਸ ਦੀ ਰਣਭੂਮੀ
ਬਣੇਗਾ ਤੁਹਾਡਾ ਹੀ ਅੰਤਰਮਨ
ਜਿਸ ਦੀ ਜਿੱਤ-ਹਾਰ ਬਣੇਗੀ
ਤੁਹਾਡੇ ਸਮਿਆਂ ਦੇ ਇਤਿਹਾਸ ਦਾ ਆਧਾਰ...

ਇਤਿਹਾਸ ਪੜ੍ਹਨਾ
ਜਾਂ ਸੁਣਾਉਣਾ ਔਖਾ ਨਹੀਂ
ਤੇ ਨਾ ਹੀ ਔਖਾ ਏ
ਪਿੱਤਰਾਂ ਦਾ ਇਤਿਹਾਸ ਲਿਖਣਾ
ਪਰ ਯਕੀਨਨ ਬੜਾ ਔਖਾ ਏ
ਆਪਣੇ ਹੱਥੀਂ ਇਤਿਹਾਸ ਰਚਣਾ
ਤੇ ਕੋਈ ਸਦੀਵੀ ਮਿਸਾਲ ਬਣ ਕੇ
ਇਤਿਹਾਸ ਦੇ ਪੰਨਿਆਂ 'ਤੇ ਟਿਕਣਾ...
•

## ਪਰਲੋ

ਤਿਹਾਈਆਂ ਸਦੀਆਂ
ਯੁੱਗ ਪਿਆਸੇ
ਲੱਭਦੇ-ਲੱਭਦੇ ਥੱਕੇ
ਚਾਰ ਚੁਫ਼ੇਰੇ, ਆਸੇ ਪਾਸੇ
ਜ਼ਿੰਦਗੀ ਦਾ ਅੰਮ੍ਰਿਤ
ਸਿਰਫ਼ ਇੱਕ ਕਤਰਾ ਨੀਰ
ਤੇ ਕਦੇ ਸੰਵੇਦਨਾ ਦਾ
ਕਲ-ਕਲ ਵਗਦਾ ਦਰਿਆ
ਤੇ ਹਰ ਤਪਸ਼ ਦੀ ਅਖ਼ੀਰ...

ਕਦੇ-ਕਦੇ ਇਹੀ ਅਸ਼ਾਂਤ ਜਜ਼ਬੇ
ਕਿਸੇ ਕ੍ਰੋਪੀ ਦਾ ਰੂਪ ਧਾਰ
ਬੇਲਗਾਮ ਹੋ ਕੇ ਵਹਿੰਦੇ ਨੇ
ਫਿਰ ਸੱਭਿਆਤਾਵਾਂ ਦੇ ਮੁਨਾਰੇ
ਤਾਸ਼ ਦੇ ਮਹਿਲ ਵਾਂਗ ਢਹਿੰਦੇ ਨੇ
ਸਾਰੇ ਪੌਰਾਣਿਕ ਗ੍ਰੰਥ
ਆਪਣੇ ਕਿਆਸਾਂ,
ਆਪਣੀਆਂ ਵਿਆਖਿਆਵਾਂ ਸਮੇਤ
ਬੇਵਸੀ ਦੇ ਆਲਮ ਵਿੱਚ ਸੁੰਗੜੇ
ਬੱਸ ਤੱਕਦੇ ਹੀ ਰਹਿੰਦੇ ਨੇ
ਨਮੋਸ਼ੀ ਤੇ ਖ਼ਾਮੋਸ਼ੀ 'ਚ ਘਿਰੇ
ਮਾਣ ਤੇ ਸਨਮਾਨ ਦੀ ਸਲਾਮਤੀ ਹਿੱਤ
ਉਹ ਕਿਤੇ ਦੂਰ ਜਾ ਬਹਿੰਦੇ ਨੇ
ਤੇ ਪਰਲੋ,
ਸ਼ਾਇਦ ਇਸ ਨੂੰ ਹੀ ਕਹਿੰਦੇ ਨੇ...।
•

## ਕੌਣ ਹੈ ਉਹ?

ਉਹ ਕੌਣ ਹੈ,
ਜੋ ਸਾਰੀ-ਸਾਰੀ ਰਾਤ
ਪਾਵੇ ਤਾਰਿਆਂ ਨਾ' ਬਾਤ
ਮੈਨੂੰ ਤੜਫ਼ਾਵੇ ਤੇ ਬੇਚੈਨ ਕਰੇ
ਫਿਰ ਮੇਰਾ ਮਨ ਧੀਰ ਨਾ ਧਰੇ..?

ਉਹ ਕੌਣ ਹੈ
ਜੋ ਰਾਤਾਂ ਨੂੰ ਮੇਰੇ ਨਾਲ਼ ਤੁਰੇ
ਚੰਦ-ਤਾਰਿਆਂ ਦਾ ਰੂਪ ਧਾਰ

ਕਦੇ ਜਾਪੇ ਪਹੁੰਚ ਤੋਂ ਬਾਹਰ
ਉਹ ਕੌਣ ਹੈ ਜੋ ਖ਼ੁਸ਼ਬੂ ਬਣ
ਮੇਰੇ ਚੁਫ਼ੇਰੇ ਫੈਲ ਜਾਵੇ
ਕਦੇ ਪੌਣਾਂ ਹੱਥ ਸੁਨੇਹੇਂ ਘੱਲੇ
ਕੌਣ ਹੈ ਜੋ ਅਕਸਰ ਮੇਰੀਆਂ
ਸੋਚਾਂ, ਸੱਧਰਾਂ ਤੇ ਸਾਹਾਂ ਅੰਦਰ
ਮਲਕੜੇ ਜਿਹੇ ਦਾਖ਼ਲ ਹੋ ਕੇ
ਆਪਣੀ ਥਾਂ ਆਣ ਮੱਲੇ...?

ਉਹ ਕੌਣ ਹੈ ਜੋ
ਅਣਲਿਖੀ ਇਬਾਰਤ ਵਰਗਾ ਏ
ਕਿਸੇ ਮਿੱਠੀ ਸ਼ਰਾਰਤ ਵਰਗਾ ਏ
ਨਾਲ਼ ਰਹਿ ਕੇ ਵੀ ਜੋ ਨਹੀਂ ਦਿਸਦਾ
ਕਿਸੇ ਅਣਬੁੱਝ ਬੁਝਾਰਤ ਵਰਗਾ ਏ...?

ਮੈਂ ਉਤਾਰ ਦਿੰਦਾ ਹਾਂ
ਮਨ ਆਪਣੇ 'ਤੋਂ
ਸੋਚਾਂ-ਸੰਸਿਆਂ ਤੇ ਦਵੰਦ ਦੇ ਜਾਲ਼ੇ
ਤੇ ਨੀਮ-ਬੇਹੋਸ਼ ਹਨ੍ਹੇਰੇ ਅੰਦਰ
ਦਿਲ ਦੇ ਸੁੰਨੇ ਤਹਿਖ਼ਾਨੇ 'ਚ
ਜਿਉਣ ਜੋਗੇ ਭਰਮ ਜੋ ਪਾਲ਼ੇ...

ਲਾਹ ਕੇ ਰੱਖ ਦੇਵਾਂ
ਫ਼ਿਕਰਾਂ-ਝੋਰਿਆਂ ਦੀ ਲੱਦੀ ਵਹਿੰਗੀ
ਕਰ ਦੇਵਾਂ ਰੂਹ ਦੇ ਪਰਿੰਦੇ ਨੂੰ
ਖੁੱਲ੍ਹੇ ਅੰਬਰ 'ਚ ਅਜ਼ਾਦ
ਦੇਵਾਂ ਸੁਰਤੀ-ਬਿਰਤੀ ਨੂੰ
ਇੱਕ ਨਵਾਂ ਅਕਾਸ਼

ਤੇ ਅਹਿਸਾਸ ਦੇ ਪੰਛੀ ਨੂੰ
ਦਿਸਹੱਦਿਓਂ ਪਾਰ ਪਰਵਾਜ਼...

ਫਿਰ ਮੈਂ ਉੱਡਣਾ ਚਾਹਾਂ
ਹਵਾ ਦੇ ਰੁਖ਼ ਕਿਸੇ ਪਤੰਗ ਵਾਂਗ
ਜਾਂ ਫਿਰ ਬਣ ਜਾਵਾਂ
ਸਹਿਜ ਤੇ ਮਸਤ-ਮਲੰਗ ਵਾਂਗ...

ਉਹ ਕੌਣ ਹੈ ਜੋ
ਇਸ ਸਭ ਕੁਝ ਦੇ ਹੁੰਦਿਆਂ
ਪਹੁੰਚ ਤੋਂ ਬਾਹਰਾ ਏ
ਮੈਂ ਵੀ ਜਿਸ ਨੂੰ ਨਹੀਂ ਪਛਾਣਦਾ
ਸ਼ਾਇਦ ਉਹ ਵੀ ਮੇਰੀ ਬੇਚੈਨੀ,
ਮੇਰੀ ਭਟਕਣ ਨੂੰ ਨਹੀਂ ਜਾਣਦਾ
ਜੋ ਬਣ ਬੈਠਾ ਏ
ਮੇਰੇ ਸਾਹਾਂ ਦਾ ਸ਼ਰੀਕ
ਤੇ ਕਦੇ ਜਾਪੇ ਰੂਹ ਦੇ ਹਾਣ ਦਾ...

ਕੀ ਉਹ
ਕਿਸੇ ਰਹਿਮਤ ਦਾ ਫਲ਼ ਏ?
ਮੇਰੇ ਸਿਜਦਿਆਂ ਦਾ ਹਾਸਲ ਏ?
ਜਾਂ ਮੇਰੇ ਸ਼ੰਕਿਆਂ ਦੀ ਕੋਈ ਸਜ਼ਾ,
ਮਨ ਦੀ ਭਟਕਣ ਦਾ ਸਬੱਬ ਏ
ਜਾਂ ਮੇਰੇ ਜੀਣ ਦੀ ਕੋਈ ਵਜ੍ਹਾ..?

ਉਹ ਕੌਣ ਹੈ
ਆਖ਼ਰ ਕੌਣ ਹੈ ਉਹ...?
•

## ਨਵਾਂ ਵਰ੍ਹਾ

ਨਵਾਂ ਵਰ੍ਹਾ ਕੀ ਏ..?

ਕੋਈ ਨਵੀਂ ਆਸ..?
ਇੱਕ ਨਵਾਂ ਆਗਾਜ਼
ਕੋਈ ਅਹਿਮ ਬਦਲਾਅ
ਜਾਂ ਸਿਰਫ਼ ਇੱਕ ਦੁਹਰਾਅ...?

ਹਰੇਕ ਸ਼ੈਅ ਦਾ
ਹਰੇਕ ਭੈਅ ਦਾ
ਉਹੀ ਮੰਤਵਹੀਣ ਦੁਹਰਾਅ
ਕੁਝ ਵੀ ਨਹੀਂ ਬਦਲਿਆ
ਹਿੰਦਸਿਆਂ ਦੇ ਸਿਵਾ
ਸਮਝ ਨਾ ਆਵੇ ਫਿਰ ਵੀ ਮੈਨੂੰ
ਕਿਉਂ ਨਵੇਂ ਵਰ੍ਹੇ ਦਾ ਚਾਅ...?
•

## ਕਰਮਾਂ ਮਾਰੇ ਗੀਤ

ਕਰਮਾਂ ਮਾਰੇ ਉਨ੍ਹਾਂ ਗੀਤਾਂ ਨੂੰ ਕੀ ਕਹਾਂ
ਜੋ ਮੇਰੇ ਹੀ ਦਿਲ ਦੀ ਬੰਜਰ ਜ਼ਮੀਨ ਉੱਤੇ
ਗੁਲਾਬ ਬਣ ਕੇ ਉੱਗ ਪਏ
ਉਹ ਖਿੜ ਸਕਦੇ ਸਨ
ਕਿਸੇ ਰਾਜੇ ਦੀ ਬਗ਼ੀਚੀ ਵਿਚ
ਜਾਂ ਉਸ ਰਾਜ-ਕਵੀ ਦੀਆਂ ਬਰੂਹਾਂ ਨੇੜੇ
ਜੋ ਸੜਦੇ ਸ਼ਹਿਰ ਅੰਦਰ
ਅਮਨ ਦੀ ਕਵਿਤਾ ਸੁਣਾ ਰਿਹਾ ਸੀ
ਜੋ ਭੁੱਖੀਆਂ ਆਂਦਰਾਂ ਨੂੰ,
ਸਾਹ-ਸਤ ਹੀਣੇ ਜਿਸਮਾਂ ਨੂੰ
ਵਤਨ-ਪ੍ਰਸਤੀ ਦੀ ਮੁਹਾਰਨੀ
ਪੜ੍ਹਾ ਰਿਹਾ ਸੀ....

ਸਾਡੇ ਕੋਲ਼ ਤਾਂ
ਇਨ੍ਹਾਂ ਗੀਤਾਂ ਨੂੰ ਦੇਣ ਲਈ ਕੁਝ ਵੀ ਨਹੀਂ
ਨਾ ਸ਼ਾਹੀ-ਮੰਚ
ਨਾ ਹਾਕਮਾਂ ਦੇ ਥਾਪੜੇ
ਨਾ ਹੀ ਕੋਈ ਇਨਾਮ-ਕਿਨਾਮ
ਨਾ ਕੋਈ ਦਾਦ, ਨਾ ਫੋਕੀ 'ਵਾਹ-ਵਾਹ'
ਸਾਡੇ ਕੋਲ਼ ਤਾਂ ਬੱਸ ਉਨੀਂਦਰੇ ਨੈਣ ਨੇ
ਗੂੰਗੇ ਬੋਲ ਨੇ
ਤੇ ਜੀ-ਭਿਆਣੀਆਂ ਨਜ਼ਰਾਂ ਦੇ ਖ਼ਾਲੀ ਕਾਸੇ
ਜਾਂ ਬੁੱਲ੍ਹੀਆਂ ਅੰਦਰ ਨਜ਼ਰਬੰਦ ਹਾਸੇ...

ਉਂਞ ਮੈਂ ਇਨ੍ਹਾਂ ਗੀਤਾਂ ਦੀ
ਬੇਬਾਕੀ ਤੋਂ ਵੀ ਵਾਕਿਫ਼ ਹਾਂ
ਨਮੋਸ਼ੀਆਂ ਲਈ ਰਾਖਵੇਂ
ਸਾਡੇ ਦਿਲ ਦਿਆਂ ਸ਼ੀਸਿਆਂ ਅੰਦਰ
ਇਨ੍ਹਾਂ ਸੁਲ਼ਗਦੇ ਗੀਤਾਂ ਨੇ ਕਦ ਸਮਾਉਣਾ ਏ?

ਇਸ ਹਨ੍ਹੇਰ-ਨਗਰੀ 'ਚ ਇਨ੍ਹਾਂ ਆਪਣਾ ਦਰਦ
ਭਲਾ ਕਿਸ ਨੂੰ ਸੁਣਾਉਣਾ ਏ?
ਇਨ੍ਹਾਂ ਤਾਂ ਆਪਮੁਹਾਰੇ
ਤੁਰ ਪੈਣਾ ਏ ਰਾਜਧਾਨੀ ਵੱਲ,
ਜਿੱਥੇ ਆਤਸ਼-ਪ੍ਰਸਤ ਹਾਕਮ ਨੇ
ਮੋਮ ਦੇ ਪੁਤਲਿਆਂ ਜਿਹੇ ਬਾਸ਼ਿੰਦੇ ਨੇ
ਜਿੱਥੇ ਵਿਧਾਤਾ ਬਣੇ ਰਹਿਨੁਮਾ
ਜ਼ਿੰਦਗੀ ਤੇ ਮੌਤ ਦੀਆਂ ਪਰਿਭਾਸ਼ਾਵਾਂ ਨੂੰ
ਆਪਣੀ ਮਰਜ਼ੀ ਦਾ ਰੂਪ ਦਿੰਦੇ ਨੇ
ਜਾਂ ਇਹ ਤੁਰ ਪੈਣਗੇ
ਅੰਧਕਾਰ ਦੇ ਕਾਲ਼ੇ ਸਾਗਰਾਂ ਵੱਲ
ਜਿੱਥੇ ਡੁੱਬ ਕੇ ਇਨ੍ਹਾਂ ਮੁੜ ਉਦੈ ਨਹੀਂ ਹੋਣਾ,
ਹੋ ਸਕਦਾ ਹੈ ਇਹ ਤੁਰ ਪੈਣ
ਉਨ੍ਹਾਂ ਸਿਰਫਿਰੇ ਕਹੇ ਜਾਣ ਵਾਲੇ
ਲੋਕਾਂ ਦੇ ਕਾਫ਼ਲਿਆਂ ਵੱਲ਼,
ਜੋ ਜ਼ਿੰਦਗੀ ਦੇ ਹਰ ਜ਼ਹਿਰ ਨੂੰ
ਸਿਦਕ ਦੀ ਤਲੀ 'ਤੇ ਰੱਖਕੇ ਚੱਖਦੇ ਨੇ
ਤੇ ਜੋ ਸਾਰੀਆਂ ਸਥਾਪਤ ਪਰਿਭਾਸ਼ਾਵਾਂ
ਬਦਲਣ ਦਾ ਮਾਦਾ ਰੱਖਦੇ ਨੇ...

ਮਨਭਾਉਂਦੇ ਮੁਕਾਮ 'ਤੇ ਪੁੱਜ ਕੇ ਇਹ ਗੀਤ
ਸੱਚ ਦੇ ਸੂਰਜ ਨੂੰ ਸਲਾਮ ਕਰਨਗੇ
ਫਿਰ ਇਹੀ ਕਰਮਾਂ ਮਾਰੇ ਗੀਤ
ਜ਼ਿੰਦਗੀ ਦੇ ਕਰਮਾਂ ਦਾ ਨਿਰਮਾਣ ਕਰਨਗੇ
ਸਾਡੇ ਲੇਖਾਂ ਦੀ ਲਾਚਾਰਗੀ
ਤੇ ਬੋਲਾਂ ਦੀ ਵਿਚਾਰਗੀ ਦਾ ਬੋਝ
ਇਨ੍ਹਾਂ ਗੀਤਾਂ ਨੇ ਭਲਾ ਕਦ ਢੋਣਾ ਏ
ਸਾਡੇ ਕੋਲ਼ ਤਾਂ ਇਨ੍ਹਾਂ ਗੀਤਾਂ ਲਈ ਕੁਝ ਨਹੀਂ ਏ
ਸਾਡੇ ਕੋਲ਼ੋਂ ਤਾਂ ਇਨ੍ਹਾਂ ਗੀਤਾਂ ਲਈ
ਕੁਝ ਵੀ ਨਹੀਂ ਹੋਣਾ ਏ...!

•

## ਕਸੂਰ

ਕਸੂਰ ਹਮੇਸ਼ਾਂ ਅੱਗ ਦਾ ਨਹੀਂ ਹੁੰਦਾ
ਨਾ ਅੱਗ ਲਾਉਣ ਵਾਲ਼ਿਆਂ ਦਾ
ਕਸੂਰ ਅੱਗ ਲਾਉਣ ਦੇ ਵਿਚਾਰ
ਜਾਂ ਅਮਲ ਤੋਂ ਪਹਿਲਾਂ ਬਣੇ
ਦਲਦਲ ਜਿਹੇ ਹਾਲਾਤ ਦਾ ਵੀ ਹੁੰਦਾ ਏ
ਸੁਲ਼ਗਦੇ ਜਜ਼ਬਾਤ ਦਾ ਵੀ ਹੁੰਦਾ ਏ
ਜਦੋਂ ਕੋਈ ਘਰ ਸੜਦਾ ਏ
ਤਾਂ ਅਸਲ ’ਚ ਉਹ ਆਪਣੇ
ਸੜ ਜਾਣ ਦੀ ਰੂਪ-ਰੇਖਾ
ਬਹੁਤ ਪਹਿਲਾਂ ਹੀ ਘੜਦਾ ਏ....

ਜਦੋਂ ਘਰ ਦੀਆਂ ਕੰਧਾਂ ਨੂੰ
ਬੇਵਿਸਾਹੀ ਦੀ ਸਿਉਂਕ ਲੱਗ ਜਾਵੇ
ਜਦ ਘਰ ਇੱਕ ਆਸਰਾ ਨਹੀਂ
ਇੱਕ ਕੈਦਖ਼ਾਨਾ ਬਣ ਜਾਵੇ
ਸਾਡੇ ਸੁਪਨਿਆਂ ਦੀ ਕਤਲਗਾਹ,
ਸਾਡੀਆਂ ਰੀਝਾਂ ਦਾ ਕਬਰਸਤਾਨ
ਤਾਂ ਘਰ ਫਿਰ ਘਰ ਨਹੀਂ ਰਹਿੰਦਾ
ਬਣ ਜਾਂਦਾ ਏ ਮਹਿਜ਼
ਇੱਕ ਚਾਅ-ਵਿਹੂਣਾ ਮਕਾਨ
ਜਾਂ ਸਿਰਫ਼ ਸਾਡੀ ਰਿਹਾਇਸ਼ ਦੀ ਪਛਾਣ...

ਜਦ ਘਰ ਦੀ ਚਾਰਦਿਵਾਰੀ ਅੰਦਰ
ਨਿੱਤ ਨਵੇਂ ਹਾਦਸਿਆਂ ਤੋਂ ਬਿਨਾਂ

ਕੋਈ ਹੋਰ ਨਾ ਉਡੀਕ ਹੋਵੇ
ਜਦ ਘਰ ਉੱਪਰਲਾ ਆਸਮਾਨ
ਕੰਧਾਂ ਅੰਦਰਲੇ ਰਿਸ਼ਤਿਆਂ ਵਾਂਗ
ਅੰਦਰੋ-ਅੰਦਰੀਂ ਤਿੜਕਦੇ-ਟੁੱਟਦੇ
ਤਾਰਿਆਂ ਦਾ ਸਮੂਹ ਪ੍ਰਤੀਤ ਹੋਵੇ
ਫਿਰ ਘਰ ਦਾ ਵਿਹੜਾ
ਆਪਣੇ ਮਾਲਕ ਦਾ ਹੀ
ਬੋਝ ਚੁੱਕਣੋਂ ਇਨਕਾਰੀ ਹੋ ਜਾਵੇ
ਤੇ ਘਰ ਦੀ ਸਰਦਲ ਵੱਲ ਉੱਠਦਾ
ਇੱਕ-ਇੱਕ ਕਦਮ
ਬੜਾ ਬੋਝਲ ਤੇ ਭਾਰੀ ਹੋ ਜਾਵੇ
ਫਿਰ ਇਸ ਤੋਂ ਵੱਧ ਨਮੋਸ਼ੀ
ਭਲਾ ਹੋ ਵੀ ਕੀ ਸਕਦੀ ਏ
ਕਿ ਆਪਣੇ ਹੀ ਘਰ ਦੇ ਦਰਵਾਜ਼ੇ ਉੱਪਰ
ਖ਼ੁਦ ਦਸਤਕ ਦੇਣ ਦਾ ਹਿਆਂ ਨਹੀਂ ਪੈਂਦਾ...

ਅਜਿਹਾ ਘਰ ਕਦ ਕਿਸੇ ਨੂੰ
ਆਪਣੀ ਗੋਦ 'ਚ ਪਨਾਹ ਦੇਵੇ
ਤੇ ਨਾ ਹੀ ਕਦੇ ਰੂਹ ਨੂੰ
ਸਕੂਨ, ਬੇਫ਼ਿਕਰੀ ਤੇ ਹੌਸਲਾ ਦੇਵੇ
ਉਸ ਘਰ 'ਚ ਰਹਿੰਦਿਆਂ,
ਐਸੀ ਲਾਚਾਰੀ ਦਾ ਬੋਝ ਸਹਿੰਦਿਆਂ
ਆਖ਼ਰ ਬੰਦਾ ਆਪਣਾ ਘਰ
ਖ਼ੁਦ ਹੀ ਜਲ਼ਾ ਦੇਵੇ...

ਕਸੂਰ ਹਮੇਸ਼ਾਂ ਅੱਗ ਦਾ ਨਹੀਂ ਹੁੰਦਾ
ਤੇ ਸਿਰਫ਼ ਅੱਗ ਦਾ ਹੀ ਨਹੀਂ ਹੁੰਦਾ....।
•

## ਜ਼ਿੰਦਗੀ ਤੇ ਮੌਤ

ਜ਼ਿੰਦਗੀ–
ਰਿਸ਼ਤਿਆਂ ਦੀ ਭੀੜ ਅੰਦਰ
ਇਕਲਾਪੇ ਦੀ ਪੀੜ...

ਮੌਤ–
ਉਮਰ ਭਰ ਦਾ ਭਰਮ
ਤੇ ਇੱਕ ਦਿਨ ਦਾ ਮਰਨ...
•

## ਸਫ਼ਰ ਤਾਂ ਅਧੂਰੇ ਨੇ ਅਜੇ

ਇੱਕ ਸੁਫਨੇ ਦੀ ਤਲਾਸ਼ ਖ਼ਾਤਰ
ਉਮਰ ਭਰ ਤਰਸੇ
ਇੱਕ ਪਿਆਸ ਦੀ ਤ੍ਰਿਪਤੀ ਹਿੱਤ
ਉਮਰ ਭਰ ਤੜਫ਼ੇ
ਇੱਕ ਪਰਛਾਵੇਂ ਨੂੰ ਫੜਨ ਖ਼ਾਤਰ
ਉਮਰ ਭਰ ਭਟਕੇ
ਪਰ ਇਹ ਤਲਾਸ਼, ਪਿਆਸ
ਤੇ ਦੌੜ ਕਦੇ ਵੀ ਨਾ ਮੁੱਕੀ,
ਸਫ਼ਰ ਤਾਂ ਅਜੇ ਵੀ ਅਧੂਰੇ ਨੇ ਬਹੁਤ..

ਅਜੇ ਤਾਂ ਚੰਦ ਨੂੰ ਵੀ
ਤਲਾਸ਼ ਹੈ ਆਪਣੇ ਚਕੋਰ ਦੀ
ਅਜੇ ਤਾਂ ਸੂਰਜ ਨੂੰ ਵੀ
ਚਿਰੋਕਣੀ ਪਿਆਸ ਹੈ ਕੋਈ

ਅਜੇ ਤਾਂ ਧਰਤ ਦੀ ਵੀ
ਦਿਨ-ਰਾਤ ਵਾਲ਼ੀ ਪਰਿਕਰਮਾ ਨਹੀਂ ਮੁੱਕੀ...

ਆਖ਼ਰ ਕੀ ਹੈ ਜ਼ਿੰਦਗੀ...?
ਇੱਕ ਪਿਆਸ..?
ਭਟਕਣ..?
ਜਾਂ ਕੋਈ ਅਮੁੱਕ ਦੌੜ...?
ਜਾਂ ਇਨ੍ਹਾਂ ਸਭ ਵਿਚ ਛੁਪਿਆ ਏ
ਜ਼ਿੰਦਗੀ ਵਰਗਾ ਕੋਈ ਅਹਿਸਾਸ
ਤੇ ਅੱਗੇ ਵਧਣ ਲਈ ਧਰਵਾਸ...

ਹਯਾਤੀ ਅੰਦਰ ਜੋ ਵੀ ਮਿਲ਼ਿਆ
ਇਸ ਦਾ ਹਿੱਸਾ ਹੀ ਬਣ ਗਿਆ
ਜੋ ਨਾ ਮਿਲ਼ ਸਕਿਆ
ਉਸ ਤੋਂ ਹੀ ਸ਼ੁਰੂ ਹੋਈ
ਤਲਾਸ਼ ਤੇ ਭਟਕਣ
ਉਸ ਨੇ ਹੀ ਦਿੱਤਾ
ਥੱਕੇ ਪੈਰਾਂ ਨੂੰ ਦੌੜਣ ਦਾ ਬਲ
ਜਿਉਂਦੇ ਰਹਿਣ ਦੀ ਵਜ੍ਹਾ,
ਸੁਫਨੇ ਲੈਣ ਦੀ ਵਜ੍ਹਾ
ਕੇਵਲ ਤੇ ਕੇਵਲ ਉਹੀ ਬਣਿਆ...

ਜ਼ਿੰਦਗੀ ਤਾਂ ਤੁਰਦੀ ਹੀ ਰਹਿੰਦੀ ਏ
ਤੇ ਚੱਲਦਾ ਹੀ ਰਹਿੰਦਾ ਏ
ਇੱਛਾਵਾਂ-ਲਾਲਸਾਵਾਂ ਦਾ
ਕੋਹਲੂ-ਗੇੜ ਵੀ
ਕਈ ਵਾਰ ਕਿਸੇ ਖ਼ੁਸ਼ੀ ਨੂੰ ਪਾਉਣ ਖ਼ਾਤਰ
ਉਮਰ ਭਰ ਦੀ ਪਰਿਕਰਮਾ ਵੀ

ਕਾਫ਼ੀ ਨਹੀਂ ਹੁੰਦੀ
ਪਰ ਕਈ ਵਾਰ ਕੁਝ ਪਲ ਹੀ
ਦੇ ਜਾਂਦੇ ਨੇ ਉਮਰੋਂ ਵੱਡੀਆਂ ਖੁਸ਼ੀਆਂ...

ਕਈ ਵਾਰ ਕੋਹਾਂ ਲੰਬੇ
ਪੈਂਡੇ ਕਰਨ ਮਗਰੋਂ ਵੀ
ਮੁੱਕਦੇ ਨਹੀਂ ਸਫ਼ਰ ਦੇ ਸਿਲਸਿਲੇ
ਕਈ ਵਾਰ ਕਦਮ ਪੁੱਟਦਿਆਂ ਹੀ
ਮਿਲ਼ ਜਾਂਦਾ ਏ
ਮਿਥੀ ਹੋਈ ਮੰਜ਼ਿਲ ਦਾ ਨਿਸ਼ਾਨ
ਕੋਈ ਮਨਭਾਉਂਦਾ ਮੁਕਾਮ...

ਬੜੀ ਤੇਜ਼-ਤਰਾਰ ਹੈ ਜ਼ਿੰਦਗੀ..!
ਬੜੀ ਤੇਜ਼-ਰਫ਼ਤਾਰ ਹੈ ਜ਼ਿੰਦਗੀ..!
ਪਤਾ ਨਹੀਂ ਕਿਹੜੇ ਪਲ
ਜੀਵਨ-ਸਾਗਰ ਦੀਆਂ ਲਹਿਰਾਂ ਵਿਚ
ਬੂੰਦ ਵਾਂਗ ਸਮਾ ਜਾਂਦਾ ਏ
ਪ੍ਰਾਪਤੀ ਦਾ ਉਹ ਅਹਿਸਾਸ
ਤੇ ਅਗਲੇ ਹੀ ਪਲ
ਸ਼ੁਰੂ ਹੋ ਜਾਂਦੀ ਏ ਇੱਕ ਨਵੀਂ ਭਟਕਣ
ਇੱਕ ਨਵਾਂ ਸਫ਼ਰ....

ਇਨ੍ਹਾਂ ਰਾਹਾਂ 'ਤੇ ਤੁਰਦੇ ਕਾਫ਼ਲੇ
ਕਦੇ ਨਹੀਂ ਰੁਕਦੇ
ਤੇ ਸਾਹਾਂ ਤੋਂ ਪਹਿਲਾਂ ਇਹ ਸਫ਼ਰ
ਕਦੇ ਨਹੀਂ ਮੁੱਕਦੇ....

ਸਫ਼ਰ ਤਾਂ ਅਜੇ ਵੀ ਅਧੂਰੇ ਨੇ ਬਹੁਤ....
•

# .ਗਜ਼ਲਾਂ

*ਤਿਤਲੀ ਦੇ ਵਾਂਗ ਮਨ ਵਿਚ ਉੱਡਦਾ ਖ਼ਿਆਲ ਜਿਹੜਾ,*
*ਬਣਦਾ .ਗਜ਼ਲ ਹੈ ਓਹੀ, ਸ਼ਬਦੀ ਆਕਾਰ ਲੈ ਕੇ।*

• • • • • •

❒
ਦਿਲ ਦੇ ਵਿੱਚ ਦਬਾ ਕੇ ਕਿਧਰੇ, ਸੋਚਾਂ ਵਿੱਚ ਰਚਾ ਕੇ।
ਕਦ ਤੱਕ ਰੱਖ ਸਕੋਗੇ ਇਹਨਾਂ ਰੀਝਾਂ ਨੂੰ ਭਰਮਾ ਕੇ।

ਗ਼ਰਜ਼ਾਂ, ਕਰਜ਼ਾਂ ਤੇ ਫ਼ਰਜ਼ਾਂ ਵਿਚ ਸਾਰੀ ਉਮਰ ਗੁਆ ਕੇ
ਆਖ਼ਰ ਨੂੰ ਬੰਦਾ ਤੁਰ ਪੈਂਦਾ ਅਪਣੀ ਲਾਸ਼ ਉਠਾ ਕੇ।

ਸੜਦਾ ਜੰਗਲ, ਤਪਦਾ ਥਲ ਤੇ ਔੜਾਂ ਮਾਰੀ ਧਰਤੀ
ਮੇਰੀ ਤੇਹ ਦੀ ਸ਼ਿੱਦਤ ਪੁੱਛਣ ਨਿਤ ਸੁਫਨੇ ਵਿਚ ਆ ਕੇ।

ਰੰਗ, ਬਹਾਰਾਂ, ਤਾਰੇ, ਅੱਖਰ, ਰੁੱਤਾਂ, ਦਿਲ ਤੇ ਸੁਫਨੇ
ਅਪਣੀ ਰਾਖ਼ 'ਚੋਂ ਮੁੜ ਉੱਗ ਪੈਂਦੇ, ਦੇਖ ਲਵੀਂ ਅਜ਼ਮਾ ਕੇ।

ਇਕਲਾਪੇ ਦੀ ਮਾਰੀ ਬੁੱਕਲ, ਦਿਲ ਦਾ ਬੂਹਾ ਢੋਇਆ
ਦੁੱਖ ਉਦਾਸੀ ਕਦ ਆਉਂਦੇ ਨੇ ਦੱਸ ਕੁੰਡਾ ਖੜਕਾ ਕੇ।

ਅਕਲਾਂ ਵਾਲ਼ੇ ਜੋ ਵੀ ਭਾਲਣ ਖ਼ੁਦਗ਼ਰਜ਼ੀ ਦੇ ਵਣ ਵਿਚ
ਲੱਭਣ ਵਾਲੇ ਲੱਭ ਲੈਂਦੇ ਨੇ ਅਪਣਾ-ਆਪ ਗੁਆ ਕੇ।

ਕੁੜੀਆਂ ਨੂੰ ਚਿੜੀਆਂ ਤਾਂ ਕਹੀਏ, ਉੱਡਣ ਨਾ ਪਰ ਦੇਈਏ
ਇੱਜ਼ਤਾਂ, ਸ਼ਰਮਾਂ, ਰਸਮਾਂ ਦੇ ਕਿਉਂ ਰੱਖੀਏ ਜਾਲ਼ ਵਿਛਾ ਕੇ ?

ਅਪਣੇ ਕੋਝ ਛੁਪਾ ਕੇ ਰੁਖ਼ਸਤ ਹੁੰਦੇ ਹਾਂ ਹੁਣ ਯਾਰੋ
ਚੰਗੇ ਵੇਲ਼ੇ ਫੇਰ ਮਿਲ਼ਾਂਗੇ ਅੱਖ ਨਾ' ਅੱਖ ਮਿਲ਼ਾ ਕੇ।
•

❐

ਤੇਰੇ ਮਨ ਦੀ ਧਰਾਤਲ ਫੇਰ ਮੁੜ ਤੋਂ ਛੋਹਣ ਲੱਗਾ ਹਾਂ।
ਉਚਾਈ ਦੀ ਰਹੀ ਨਾ ਚਾਹ, ਮੈਂ ਨੀਵਾਂ ਹੋਣ ਲੱਗਾ ਹਾਂ।

ਇਨ੍ਹਾਂ ਤੱਤੀਆਂ ਹਵਾਵਾਂ ਨਾਲ ਮੱਥਾ ਲਾਉਣ ਤੋਂ ਪਹਿਲਾਂ
ਸੁਲ਼ਗਦੇ ਮੌਸਮਾਂ ਦੀ ਨਬਜ਼ ਹੁਣ ਮੈਂ ਟੋਹਣ ਲੱਗਾ ਹਾਂ।

ਜ਼ਮਾਨੇ ਦੇ ਮੁਤਾਬਿਕ ਸਿਰਜਿਆ ਜੀਵਨ-ਤਿਕੋਣਾਂ ਨੂੰ
ਨਤੀਜੇ ਬਾਦ ਬਦਲਣ ਸੋਚ ਦਾ ਹਰ ਕੋਣ ਲੱਗਾ ਹਾਂ।

ਤੇਰੇ ਉਹ ਦੂਰ ਜਾਂਦੇ ਕਦਮ ਤਾਂ ਮੈਂ ਰੋਕ ਨਾ ਸਕਿਆ
ਤੇਰੀ ਹੁਣ ਪੈੜ ਦਾ ਰੇਤਾ ਮੈਂ ਛੋਹ ਕੇ ਰੋਣ ਲੱਗਾ ਹਾਂ।

ਮੈਂ ਸਾਰੀ ਉਮਰ ਜਿਸ ਨੂੰ ਭਰਦਿਆਂ ਹੰਝੂ ਮੁਕਾਏ ਨੇ
ਉਸੇ ਖਾਰੇ ਸਮੁੰਦਰ ਨਾਲ਼ ਅੱਖਾਂ ਧੋਣ ਲੱਗਾ ਹਾਂ।

ਉਹ ਕੋਈ ਸਿਰਫਿਰਾ ਪਹਿਲਾਂ ਹੀ ਕਿਧਰੇ ਸਿਰ ਗੁਆ ਆਇਆ
ਸਿਰਾਂ ਦੀ ਭੀੜ 'ਚੋਂ ਮੈਂ ਕਰਨ ਜਿਸਦੀ ਚੋਣ ਲੱਗਾ ਹਾਂ।

ਜ਼ਮਾਨੇ ਦਾ ਸਿਤਮ ਕੋਈ ਵੀ ਮੈਨੂੰ ਤੋੜ ਨਾ ਸਕਿਆ
ਕਲਾਵੇ ਤੂੰ ਲਿਆ ਕਾਹਦਾ ਕਿ ਲੈ ਹੁਣ ਰੋਣ ਲੱਗਾ ਹਾਂ।

ਕੁਸੈਲ਼ੇ ਬੋਲ, ਨਫ਼ਰਤ, ਵੈਰ ਸਿਰ 'ਤੇ ਧਰ ਲਏ ਏਨੇ
ਮੈਂ ਅਕਸਰ ਸੋਚਦਾਂ, ਇਹ ਕੀ-ਕੀ ਪੱਥਰ ਢੋਣ ਲੱਗਾ ਹਾਂ?

ਕਿਸੇ ਸ਼ੀਸ਼ੇ 'ਚੋਂ ਰੂਹ ਦੇ ਹਾਣ ਦਾ ਜਦ ਅਕਸ ਨਾ ਦਿਸਿਆ
ਤਾਂ ਹੁਣ ਬਸ ਆਪਣੇ ਹੀ ਰੂਬਰੂ ਮੈਂ ਹੋਣ ਲੱਗਾ ਹਾਂ।

●

❒

ਸੋਚ ਸਮਝ ਕੇ ਹੀ ਲਿਖਿਆ ਕਰ ਧੁੱਪਾਂ ਦਾ ਫ਼ਰਮਾਨ ਕਿਤੇ।
ਬਹੁਤਾ ਚਾਨਣ ਨਜ਼ਰ ਤੇਰੀ ਦਾ ਕਰ ਨਾ ਦਏ ਨੁਕਸਾਨ ਕਿਤੇ।

ਅੱਜ ਦੇ ਅਰਜਨ ਕਿੱਦਾਂ ਵਿੰਨ੍ਹਣ ਅੱਖ ਸਮੇਂ ਦੀ ਮੱਛੀ ਦੀ
ਗ਼ਰਜ਼ਾਂ ਕੋਲ਼ ਜੋ ਗਹਿਣੇ ਧਰ ਆਏ ਨੇ ਤੀਰ-ਕਮਾਨ ਕਿਤੇ।

ਹਰ ਕੋਈ ਮੇਰੇ ਵਿੱਚੋਂ ਆਪੋ-ਅਪਣਾ ਹਿੱਸਾ ਲੈ ਤੁਰਿਆ
ਮੈਂ ਖ਼ੁਦ ਵਿੱਚੋਂ ਖ਼ੁਦ ਨੂੰ ਲੱਭਾਂ ਖੜ੍ਹ ਕੇ ਸੁੰਨ-ਮਸਾਨ ਕਿਤੇ।

ਨਾ ਤਾਂ ਸਾਡੇ ਮੋਢੇ ਝੁਕਦੇ, ਨਾ ਹੀ ਰਾਹਾਂ ਵਿਚ ਰੁਕਦੇ
ਲੋੜੋਂ ਵੱਧ ਅਸੀਂ ਨਾ ਚੁੱਕਦੇ ਸਫ਼ਰ ਦਾ ਜੇ ਸਾਮਾਨ ਕਿਤੇ।

ਲਟਕੇ ਵਿੱਚ ਖ਼ਲਾਅ ਦੇ ਧਰਤੀ ਦੇ ਵੀ ਅਰਥ ਗੁਆ ਬੈਠੇ
ਅੰਬਰ ਵਿਚ ਉੱਡਣ ਦਾ ਜਦ ਲੈ ਬੈਠੇ ਸਾਂ ਅਰਮਾਨ ਕਿਤੇ।

ਅੱਜ ਕਿਸੇ ਬੇਬਸ ਦੇ ਅੱਥਰੂ ਉਤਰੇ ਮੇਰੇ ਨੈਣਾਂ ਵਿਚ
ਇਉਂ ਲੱਗਿਆ ਜਿਉਂ ਕਰ ਆਇਆ ਹਾਂ ਮੈਂ ਰੂਹ ਦਾ ਇਸ਼ਨਾਨ ਕਿਤੇ।

ਸਾਬਤ-ਕਦਮੀਂ ਤੁਰਦਾ ਸ਼ਾਇਰ ਅਦਬੀ-ਮੰਜ਼ਿਲ ਪਾ ਲੈਂਦਾ
ਜੇ ਨਾ ਰਾਹ ਵਿਚ ਠਿੱਬੀ ਲਾਉਂਦੇ ਹਾਕਮ ਦੇ ਸਨਮਾਨ ਕਿਤੇ।

ਹਰਫ਼ਾਂ ਦੇ ਸੁੱਚੇ-ਮੋਤੀ ਮੈਂ ਤੇਰੇ ਦਰ ’ਤੇ ਧਰ ਚੱਲਿਆਂ
ਬੋਲ-ਰਸੀਦੀ ਵਾਪਸ ਭੇਜੀਂ, ਹੋ ਗਏ ਜੇ ਪਰਵਾਨ ਕਿਤੇ।
•

❐

ਉਹ ਮੇਰੀ ਪਿਆਸ ਦੀ ਸ਼ਿੱਦਤ ਕਿਵੇਂ ਪਹਿਚਾਣ ਸਕਦਾ ਸੀ।
ਕਦੋਂ ਮੈਂ ਮਰ ਗਿਆ ਪਿਆਸਾ ਨਾ ਸਰਵਰ ਜਾਣ ਸਕਦਾ ਸੀ।

ਤੇਰੇ ਤੱਕ ਆਉਣ ਦੀ ਖ਼ਾਤਰ, ਮੈਂ ਰੂਹ ਰੁਸ਼ਨਾਉਣ ਦੀ ਖ਼ਾਤਰ
ਕਿਤੋਂ ਚਾਨਣ ਦੀ ਲੈ ਕਾਤਰ, ਹਨ੍ਹੇਰਾ ਛਾਣ ਸਕਦਾ ਸੀ।

ਜੋ ਧੁੱਪਾਂ ਵਿਚ ਸੜੇ ਭੁੱਖਾ, ਮੈਂ ਉਸ ਦੀ ਮੁਫ਼ਲਿਸੀ ਉੱਤੇ
ਜ਼ਿਆਦਾ ਨਹੀਂ ਤਾਂ ਹਮਦਰਦੀ ਦੀ ਛਤਰੀ ਤਾਣ ਸਕਦਾ ਸੀ।

ਉਹ ਕਰ ਕੇ ਕੈਦ ਜਿਸਮਾਂ ਨੂੰ ਕਤਲਗਾਹ ਤਕ ਤਾਂ ਲੈ ਆਇਆ
ਅਸਾਡੀ ਸੋਚ ਦਾ ਪਰ ਕਿਸ ਤਰ੍ਹਾਂ ਕਰ ਘਾਣ ਸਕਦਾ ਸੀ।

ਕਿਸੇ ਦਿਨ ਮੁਲ਼ਕ ਬੇਗਾਨੇ ਛਿੜੀ ਗੱਲ ਸੀ ਤਿਰੰਗੇ ਦੀ
ਚੁਰਾਸੀ ਯਾਦ ਫਿਰ ਆਈ ਮੈਂ ਕਰ ਕੀ ਮਾਣ ਸਕਦਾ ਸੀ।

ਕੋਈ ਗੱਲ ਨਾ ਜੇ ਘਾਹ ਦੇ ਵਾਂਗ ਪੈਰੀਂ ਮਸਲਿਆ ਤੈਨੂੰ
ਤੂੰ ਮੁੜ ਉੱਗਣ ਦੀ ਜ਼ਿਦ ਤਾਂ ਦਿਲ ਦੇ ਅੰਦਰ ਠਾਣ ਸਕਦਾ ਸੀ।

ਉਹ ਮੇਰੀ ਪੀੜ ਦੇ ਅਹਿਸਾਸ ਤੋਂ ਏਨਾ ਕੁ ਵਾਕਿਫ਼ ਸੀ
ਕਿ ਵਰ੍ਹਦੇ ਮੀਂਹ 'ਚ ਵੀ ਮੇਰੇ ਜੋ ਹੰਝੂ ਸਿਆਣ ਸਕਦਾ ਸੀ।
●

❐

ਰਸਤੇ ਬਿਗਾਨਿਆਂ 'ਤੇ, ਤੋਰਾਂ ਉਧਾਰ ਲੈ ਕੇ।
ਤੁਰਿਆ ਗਿਆ ਨਾ ਮੈਥੋਂ ਆਸਾਂ ਦਾ ਭਾਰ ਲੈ ਕੇ।

ਉਹ ਕਾਗਜ਼ੀ ਬਦਨ ਸੀ, ਸੋਚਾਂ ਦੇ ਵਿੱਚ ਅਗਨ ਸੀ
ਕਿੰਨੀ ਕੁ ਦੇਰ ਚੱਲਦਾ ਧੁਖ਼ਦੇ ਵਿਚਾਰ ਲੈ ਕੇ।

ਬੇਰੰਗ ਹੈ ਉਹ ਖ਼ੁਦ ਵੀ, ਜੋ ਕਹਿ ਗਿਆ ਸੀ ਮੈਨੂੰ
ਮੈਂ ਜ਼ਿੰਦਗੀ ਸਜਾਵਾਂ ਪਲ ਰੰਗਦਾਰ ਲੈ ਕੇ।

ਸ਼ਮਸ਼ੀਰ ਵਿਸ਼ਵ-ਜੇਤੂ ਕਦਮਾਂ 'ਚ ਜਾ ਪਈ ਸੀ
ਮੁਸਕਾ ਪਿਆ ਜੋ ਪੋਰਸ ਸੀਨੇ ਤੇ ਵਾਰ ਲੈ ਕੇ।

ਹਥਿਆਰ ਵਰਤਣੇ ਜੇ ਤਾਂ ਅਕਲ ਵੀ ਜ਼ਰੂਰੀ
ਬਣਦਾ ਨਾ ਸੂਰਮਾ ਬਸ ਹੱਥੀਂ ਕਟਾਰ ਲੈ ਕੇ।

ਕੱਚੇ ਕਰਾਰ ਨਾਲੋਂ, ਪੱਕਾ ਜਵਾਬ ਦੇ ਦੇ
ਕੱਚੇ ਝਨਾਂ ਤੋਂ ਅਕਸਰ ਜਾਂਦੇ ਨਾ ਪਾਰ ਲੈ ਕੇ।

ਰਿਸ਼ਤੇ ਨਿਭਾਉਣ ਵਾਲ਼ੀ ਆਈ ਕਲਾ ਨਾ ਮੈਨੂੰ
ਬੁੱਲ੍ਹਾਂ ’ਚ ਮੁਸਕਰਾਉਣਾ, ਦਿਲ ਵਿਚ ਗ਼ੁਬਾਰ ਲੈ ਕੇ।

ਘਰ ਵੀ ਮੇਰਾ ਉਹੀ ਹੈ, ਦਰ ਵੀ ਹਮੇਸ਼ ਖੁੱਲ੍ਹਾ
ਕਰਮਾਂ ਦੇ ਮਾਰਿਆਂ ਦੀ ਜਾਵੀਂ ਤੂੰ ਸਾਰ ਲੈ ਕੇ।

ਸੋਨੇ ਦੇ ਪਿੰਜਰੇ ਵਿਚ ਗਹਿਣੇ ਉਡਾਣ ਕੀਤੀ
ਹੱਥੀਂ ਲਗਾਕੇ ਮਹਿੰਦੀ, ਲਾਵਾਂ ਤੂੰ ਚਾਰ ਲੈ ਕੇ।

ਆਪਾਂ ਨਾ ਜੋ ਮਿਟਾਈ, ਦਿੱਤੀ ਵੀ ਨਾ ਦਿਖਾਈ
ਰਿਸ਼ਤਾ ਗਏ ਨਿਭਾਈ, ਦਿਲ ਵਿਚ ਦਰਾਰ ਲੈ ਕੇ।

ਜ਼ੱਰਾ-ਨਿਵਾਜ਼ ਦੇ ਮੈਂ ਰਾਹਾਂ ’ਚ ਵਿਛ ਗਿਆ ਸਾਂ
ਜਾਣਾ ਸੀ ਹੋਰ ਕਿੱਥੇ ਤਨ ਖ਼ਾਕਸਾਰ ਲੈ ਕੇ।

ਤਿਤਲੀ ਦੇ ਵਾਂਗ ਮਨ ਵਿਚ ਉੱਡਦਾ ਖ਼ਿਆਲ ਜਿਹੜਾ
ਬਣਦਾ ਗ਼ਜ਼ਲ ਹੈ ਓਹੀ, ਸ਼ਬਦੀ ਆਕਾਰ ਲੈ ਕੇ।

•

❐

ਸੁਰਾਂ ਵਿਚ ਢਾਲ਼ਿਆ ਗ਼ਮ ਫਿਰ ਵੀ ਨਾ ਮੈਂ ਸੁਰਖ਼ਰੂ ਹੋਇਆ।
ਇਹ ਦਿਲ ਦੇ ਸਾਜ਼ 'ਤੇ ਪੀੜਾਂ ਦਾ ਕਿੱਸਾ ਮੁੜ ਸ਼ੁਰੂ ਹੋਇਆ।

ਕਦੇ ਰੁਤਬਾ ਦਿਸੇ ਉਸ ਦਾ, ਕਦੇ ਹਉਮੈਂ, ਕਦੇ ਪੈਸਾ
ਬੜੀ ਹੀ ਦੇਰ ਤੋਂ ਉਹ ਖ਼ੁਦ ਨਾ ਮੇਰੇ ਰੂਬਰੂ ਹੋਇਆ।

ਅਸੀਂ ਲੈ ਭਾਰੀਆਂ ਅੱਖਾਂ ਘਰਾਂ ਨੂੰ ਮੁੜ ਪਏ ਆਖ਼ਰ
ਤੇ ਇਕ ਹੰਝੂ ਹੀ ਸਾਡੀ ਆਖ਼ਰੀ ਬਸ ਗੁਫ਼ਤਗੂ ਹੋਇਆ।

ਇਹ ਕਤਰਾ ਨੀਰ ਦਾ ਹਰ ਵਾਰ ਵੱਖਰੀ ਹੈ ਕਥਾ ਇਸ ਦੀ
ਕਦੇ ਮੋਤੀ, ਕਦੇ ਸ਼ਬਨਮ, ਕਦੇ ਇਹ ਅੱਥਰੂ ਹੋਇਆ।

ਇਹ ਅੰਬਰ ਦੇ ਜੋ ਤਾਰੇ ਬਣ ਸਹਾਰੇ ਨਾਲ਼ ਨੇ ਤੁਰਦੇ
ਦਿਸ਼ਾ ਦੱਸਣ, ਦਸ਼ਾ ਪੁੱਛਣ ਜਦੋਂ ਮੈਂ ਯਾਤਰੂ ਹੋਇਆ।

ਬੜਾ ਸੀ ਮਾਣ ਉਸ ਹੰਝੂ ਨੂੰ ਕਿ ਮੈਨੂੰ ਰੁਆਏਗਾ
ਮੈਂ ਜ਼ਖ਼ਮੀ ਹੋ ਕੇ ਹੱਸਿਆ, ਉਹ ਬੜਾ ਬੇਆਬਰੂ ਹੋਇਆ।

•

❒

ਮੈਂ ਬਦਲ ਸਕਦਾਂ ਹਾਂ ਸੋਗੀ ਮੌਸਮਾਂ ਦੇ ਰੰਗ-ਢੰਗ।
ਤੂੰ ਤੇ ਮੇਰੀ ਸ਼ਾਇਰੀ ਜੇ ਰਹਿਣ ਮੇਰੇ ਅੰਗ-ਸੰਗ।

ਰਾਸ ਲੀਲ੍ਹਾ ਉਸ ਦੀ ਆਵੇ ਰੁਕਮਣੀ ਨੂੰ ਰਾਸ ਕਿੰਵ
ਦੁੱਧ-ਚਿੱਟੀ ਰੌਸ਼ਨੀ ਵਿਚ ਕਰ ਰਿਹਾ ਜੋ ਸ਼ਾਮ-ਰੰਗ।

ਗੁੰਨ੍ਹ ਕੇ ਯਾਦਾਂ ਦੀ ਮਿੱਟੀ, ਬੁੱਤ ਇਕ ਘੜਦਾ ਹਾਂ ਰੋਜ਼
ਜਦ ਮੁਕੰਮਲ ਹੋਣ ਲੱਗੇ, ਕਰ ਦਿਆਂ ਸਭ ਅੰਗ-ਭੰਗ।

ਸੁੱਕ ਰਹੇ ਦਰਿਆ ਦਾ ਪੱਤਣ ਕੰਬਦਾ ਹੈ ਵਾਰ-ਵਾਰ
ਜਦ ਅਚਾਨਕ ਚੁੰਮਦੀ ਏ ਮੋਹ 'ਚ ਭਿੱਜੀ ਜਲ-ਤਰੰਗ।

ਜ਼ਿੰਦਗੀ ਸੁਰਤਾਲ ਦੇ ਵਿਚ ਹੋ ਰਹੀ ਏ ਸਹਿਜ ਨਾਲ਼
ਦਿਲ ਤੇ ਦਸਤਕ ਦੇ ਰਹੀ ਏ ਫੇਰ ਤੋਂ ਤਾਜ਼ੀ ਉਮੰਗ।

ਖਾਹਿਸ਼ਾਂ ਦੇ ਆਪ ਪੁੱਟੇ ਖੂਹ ਨਹੀਂ ਭਰਦੇ ਹਜ਼ੂਰ
ਨਾ ਕਦੇ ਮਿਟਦੀ ਮਨਾਂ ਵਿਚ ਵਸ ਗਈ ਜੋ ਭੁੱਖ-ਨੰਗ।

ਗ਼ਰਜ਼ ਦੇ ਝਾੜਾਂ 'ਚ ਫਸ ਕੇ ਹੋ ਗਿਆ ਹੈ ਲੀਰ-ਲੀਰ
ਰਿਸ਼ਤਿਆਂ ਦਾ ਸੂਟ ਮੈਂ ਜੋ ਪਹਿਨਿਆ ਸੀ ਮੰਗ-ਤੰਗ।

•

❐

ਇਹ ਜਿਸਮ ਪੱਥਰ ਹੋ ਗਿਆ ਤੇ ਅੱਖ ਵੀ ਰੋਈ ਨਹੀਂ।
ਪਰ ਕੁਝ ਤਾਂ ਅੰਦਰ ਤੜਫ਼ਦਾ, ਸੰਵੇਦਨਾ ਮੋਈ ਨਹੀਂ।

ਜੰਗਲ ਨੂੰ ਤੁਰਿਆ ਆਦਮੀ, ਜੰਗਲ ਘਰਾਂ ਨੂੰ ਤੁਰ ਪਿਆ
ਹਰ ਭਟਕਦੀ ਸ਼ੈਅ ਨੂੰ ਕਦੇ ਮਿਲਦੀ ਕਿਤੇ ਢੋਈ ਨਹੀਂ।

ਇਹ ਇਸ਼ਕ ਦੇ ਜੋ ਤਤਕਰੇ, ਅਕਸਰ ਹੀ ਰਹਿੰਦੇ ਅਨਪੜ੍ਹੇ
ਪੁਸਤਕ ਦਿਲਾਂ ਦੀ ਪੜ੍ਹ ਸਕੇ ਜੋ, ਉਹ ਨਜ਼ਰ ਕੋਈ ਨਹੀਂ।

ਸਾਰੇ ਨਗਰ ਵਿਚ ਘੁੰਮਦੇ ਬੇਖ਼ੌਫ ਹੋ ਕੇ ਹਾਦਸੇ
ਹੋਈ ਅਸਾਡੇ ਨਾਲ ਹੀ ਤਾਂ ਸਿਰਫ਼ ਅਣਹੋਈ ਨਹੀਂ।

ਫਿਰ ਸ਼ੀਸ਼ਿਆਂ 'ਤੇ ਧੂੜ ਦਾ ਇਲਜ਼ਾਮ ਕੀ ਦੇਣਾ ਭਲਾ
ਜੇ ਆਪਣੀ ਪਹਿਚਾਣ ਮੈਥੋਂ ਆਪ ਹੀ ਹੋਈ ਨਹੀਂ।

ਹੁਣ ਦਿਲ ਦਿਆਂ ਜ਼ਖ਼ਮਾਂ ਨੂੰ ਵੀ ਕੁਝ ਲੋਕ ਢਕਦੇ ਇਸ ਤਰ੍ਹਾਂ
ਜੇ ਦਰਦ ਪੁੱਛੀਏ ਆਖਦੇ ਨੇ, 'ਨਾ ਜੀ ਨਾ, ਕੋਈ ਨਹੀਂ।'

ਕੀ ਉਹ ਕਿਸੇ ਦਾ ਸਾਥ ਸੀ ਜਾਂ ਸਾਥ ਦਾ ਅਹਿਸਾਸ ਸੀ?
ਅਹਿਸਾਸ ਬਾਝੋਂ ਨਿੱਘ ਦੇਵੇ ਵਸਲ ਦੀ ਲੋਈ ਨਹੀਂ।

ਆਮਦ ਕਿਸੇ ਦੀ ਮਹਿਕ ਬਣ, ਮੇਰੀ ਗਲੀ ਮਹਿਕਾ ਗਈ
ਉਹ ਤੁਰ ਗਿਆ ਮੈਂ ਫੇਰ ਇਹ ਖਿੜਕੀ ਕਦੇ ਢੋਈ ਨਹੀਂ।

ਦਿਲ ਦੇ ਲਹੂ ਦੇ ਨਾਲ ਹੀ, ਲਿਖਦਾ ਹਾਂ ਦਿਲ ਦਾ ਹਾਲ ਹੀ
ਬਸ ਪ੍ਰੀਤ ਬਹਿਰਾਂ ਨਾਲ ਹੀ ਹੁੰਦੀ ਗ਼ਜ਼ਲਗੋਈ ਨਹੀਂ।

•

ਤੇਰੀਆਂ ਨਜ਼ਰਾਂ ਦੇ ਕਾਬਿਲ ਹੋ ਗਿਆ ਹਾਂ।
ਹੁਣ ਜਿਵੇਂ ਮੈਂ ਵੀ ਮੁਕੰਮਲ ਹੋ ਗਿਆ ਹਾਂ।

ਤੈਰਨਾ ਹੈ ਚੇਤਨਾ ਦੇ ਸਾਗਰਾਂ ਵਿਚ
ਤੇਰੀਆਂ ਸੋਚਾਂ 'ਚ ਸ਼ਾਮਿਲ ਹੋ ਗਿਆ ਹਾਂ।

ਉਡ ਰਿਹਾ ਹਾਂ ਅੰਬਰੀਂ ਇਹ ਜਾਣ ਕੇ ਹੁਣ
ਮੈਂ ਤੇਰੀ ਚਾਹਤ ਦਾ ਹਾਸਲ ਹੋ ਗਿਆ ਹਾਂ।

ਵਹਿ ਪਿਆ ਜੋ ਪਿਆਸ ਤੇਰੀ ਦੇ ਹੀ ਤਲ 'ਤੇ
ਮੈਂ ਉਸੇ ਝਰਨੇ ਦੀ ਕਲ ਕਲ ਹੋ ਗਿਆ ਹਾਂ।

ਰਾਤ-ਦਿਨ ਮਿਲ਼ਦੇ ਤੇ ਹੋਵੇ ਪਹੁ-ਫੁਟਾਲ਼ਾ
ਵਕਤ ਦੀ ਹਲਚਲ ਦਾ ਉਹ ਪਲ ਹੋ ਗਿਆ ਹਾਂ।

ਮਾਰ ਕੇ ਪੱਥਰ ਨਾ ਮੁੜ ਗੰਧਲ਼ਾ ਕਰੀ ਤੂੰ
ਬਹਿ ਗਿਆ ਗਾਰਾ ਤੇ ਨਿਰਮਲ ਹੋ ਗਿਆ ਹਾਂ।

ਜਿਸ 'ਚ ਮਲਬਾ ਕਿਸ਼ਤੀਆਂ ਸਾਂਝਾਂ ਦੀਆਂ ਦਾ
ਇਸ਼ਕ ਦੇ ਸਾਗਰ ਦਾ ਉਹ ਤਲ ਹੋ ਗਿਆ ਹਾਂ।

ਤੱਕਿਆ ਜਦ ਚੰਦ ਉਸ ਦੇ ਪਾਣੀਆਂ ਵਿਚ
ਝੀਲ ਦੇ ਵਿਚਲੀ ਮੈਂ ਹਲਚਲ ਹੋ ਗਿਆ ਹਾਂ।

ਰੇਤ ਬਣ ਉਡਦਾ ਰਿਹਾ ਹਾਂ ਉਮਰ ਭਰ ਮੈਂ
ਅੰਤ ਨੂੰ ਸਰਵਰ ਦਾ ਸਾਹਿਲ ਹੋ ਗਿਆ ਹਾਂ।

❒
ਰੂਹ ਉੱਤੋਂ ਹੰਕਾਰ ਦਾ, ਚੋਲ਼ਾ ਦਈਂ ਉਤਾਰ।
ਚਿੱਟੇ ਚਾਨਣ ਵਾਂਗ ਤੂੰ, ਆ ਜਾ ਸੱਥ ਵਿਚਕਾਰ।

ਬੇੜਾ ਹੁਣ ਭਵਸਾਗਰੋਂ, ਕੌਣ ਕਰੂਗਾ ਪਾਰ
ਹੁਣ ਤਾਂ ਏਥੇ ਆਉਣ ਤੋਂ, ਡਰਦੇ ਨੇ ਅਵਤਾਰ।

ਨਾ ਕੋਈ ਰਹਿਬਰ ਬਹੁੜਣਾ, ਨਾ ਕੋਈ ਮਦਦਗਾਰ
ਆਪਣੇ ਹੱਥੀਂ ਆਪਣਾ, ਕਾਰਜ ਆਪ ਸਵਾਰ।

ਤੇਰੇ ਤੁੱਛ ਸਵਾਰਥਾਂ, ਖੜ੍ਹ ਜਾਣਾ ਵਿਚਕਾਰ
ਜੰਗ ਜੇ ਵੱਡੀ ਜਿੱਤਣੀ, ਛੋਟੇ ਲੋਭ ਵਿਸਾਰ।

ਉੱਚੀ ਕੋਠੀ ਪਾ ਲਈ, ਪਰ ਨੀਵਾਂ ਕਿਰਦਾਰ
ਅਮਲੋਂ ਛੋਟਾ ਰਹਿ ਗਿਆ, ਉਹ ਵੱਡਾ ਸਰਦਾਰ।

ਜੋ ਕਹਿੰਦੇ ਨੇ ਓਸ ਦੀ, ਲੀਲ੍ਹਾ ਅਪਰ-ਅਪਾਰ
ਆਪ ਨਾ ਡੱਕਾ ਤੋੜਦੇ, ਭਲੀ ਕਰੂ ਕਰਤਾਰ।

ਸਾਂਝਾਂ 'ਚੋਂ ਨਿੱਘ ਭਾਲ਼ਦੇ, ਨਿੱਜ ਦੀ ਬੁੱਕਲ ਮਾਰ
ਵਧ ਗਏ ਤਾਂ ਹੀ ਫ਼ਾਸਲੇ, ਘਟ ਗਿਆ ਹੇਜ-ਪਿਆਰ।

ਲੋਕਾਈ ਦੇ ਦਰਦ ਦਾ, ਲੈਂਦਾ ਚੁੱਕ ਪਹਾੜ
ਸ਼ਾਇਰ ਦਿਲ ਉਂਝ ਨਾ ਸਹੇ, ਫੁੱਲਾਂ ਦਾ ਵੀ ਭਾਰ।

ਭੀੜ ਪਈ ਨਾ ਬਹੁੜਦੇ, ਪ੍ਰੀਤ ਨਾ ਲੈਂਦੇ ਸਾਰ
ਜੋ ਹਰ ਸਾਹ ਦੇ ਨਾਲ ਸੀ, ਖਾਂਦੇ ਕਸਮ ਹਜ਼ਾਰ।
•

❒

ਮੁੱਖ ਤੇ ਸਵੇਰੇ ਓੜਕੇ ਪਰ ਦਿਲ ’ਚ ਰਾਤਾਂ ਕਾਲ਼ੀਆਂ।
ਇਸ ਰੌਸ਼ਨੀ ਦੇ ਸ਼ਹਿਰ ਵਿਚ ਅਣਗਿਣਤ ਸ਼ਾਮਾਂ ਗਾਲ਼ੀਆਂ।

ਸੱਚ ਨੂੰ ਲੁਕੋਣਾ ਪੈ ਗਿਆ, ਹਰ ਕੁਫ਼ਰ ਏਨਾ ਲਿਸ਼ਕਦਾ
ਮੱਥਿਆਂ ’ਚ ਆਪਾਂ ਸਾਂਭੀਆਂ ਸੋਚਾਂ ਅਜੇ ਜੰਗਾਲ਼ੀਆਂ।

ਜਦ ਜ਼ਿੰਦਗੀ ਦੇ ਬਿਰਖ ’ਤੋਂ ਉਮਰਾਂ ਦੇ ਪੱਤੇ ਝੜ ਗਏ
ਮੁਰਝਾਉਣ ਲੱਗੀਆਂ ਖ਼ੁਦ-ਬ-ਖ਼ੁਦ ਆਸਾਂ ਦੀਆਂ ਸਭ ਡਾਲ਼ੀਆਂ।

ਆਇਆ ਤੇਰਾ ਨਾਂ ਵਹਿ ਤੁਰੇ ਅਰਸੇ ਤੋਂ ਜੰਮੇ ਅੱਥਰੂ
ਮੈਂ ਜਿੰਦ ਦੇ ਕਲਬੂਤ ’ਚੋਂ ਪੀੜਾਂ ਜਦੋਂ ਖੰਗਾਲ਼ੀਆਂ।

ਦਿਲ ਵਿਚ ਪਹਾੜਾਂ ਵਰਗਿਆਂ ਦੁੱਖਾਂ ਨੂੰ ਤਾਂ ਹੋ ਸਾਂਭਦੇ
ਕੁੱਖਾਂ ’ਚ ਧੀਆਂ ਮਾਪਿਓ ਕਿਉਂ ਜਾਣ ਨਾ ਸੰਭਾਲ਼ੀਆਂ।

ਤੂੰ ਜਿਸਮ ਦੀ ਤਹਿ ਤੀਕ ਹੀ ਮਹਿਦੂਦ ਹੋ ਕੇ ਰਹਿ ਗਿਓਂ
ਮੈਂ ਰੂਹ ਤੇਰੀ ਤਕ ਜਾਣ ਲਈ ਬੜੀਆਂ ਹੀ ਘਾਲਾਂ ਘਾਲ਼ੀਆਂ।

ਲਾਸ਼ਾਂ ਦੇ ਬਦਲੇ ਵੋਟ ਦੀ ਕਰਦਾ ਤਜਾਰਤ ਜੋ ਰਿਹਾ
ਹਮਦਰਦ ਬਣ ਜਦ ਬਹੁੜਿਆ, ਵੱਜੀਆਂ ਬੜਾ ਚਿਰ ਤਾਲ਼ੀਆਂ।

ਰੀਝਾਂ ਦਾ ਬਾਗ਼ ਪ੍ਰੀਤ ਇਉਂ ਹਰਿਆ ਤੇ ਭਰਿਆ ਹੀ ਰਹੂ
ਫ਼ਸਲਾਂ ਤੇ ਨਸਲਾਂ ਚੰਗੀਆਂ ਦੋਵੇਂ ਅਸਾਂ ਜੇ ਪਾਲ਼ੀਆਂ।
●

❒

ਕਦੇ ਇਉਂ ਭਰਮ ਸਿਰਜਣ ਜਿਉਂ ਘਟਾ ਘਣਘੋਰ ਹੁੰਦੇ ਨੇ।
ਤੇ ਕੁਝ ਰਿਸ਼ਤੇ ਥਲਾਂ ਵਿਚ ਰੇਤ ਦੀ ਚਿਲਕੋਰ ਹੁੰਦੇ ਨੇ।

ਕਿਸੇ ਬਿਫ਼ਰੀ ਨਦੀ ਦੇ ਵਾਂਗ ਮਨ ਦੇ ਵਲਵਲੇ ਜਾਪਣ
ਕਦੇ ਸੰਗੀਤ ਲੱਗਦੇ ਨੇ, ਕਦੇ ਇਹ ਸ਼ੋਰ ਹੁੰਦੇ ਨੇ।

ਇਕੇਰਾਂ ਸਾਹਮਣੇ ਤਾਂ ਬਹਿ, ਤੂੰ ਜਾਣਾ ਏ, ਚਲਾ ਜਾਵੀਂ
ਨਾ ਓਹੀ ਮੇਲਦੇ ਨਜ਼ਰਾਂ ਜੋ ਦਿਲ ਦੇ ਚੋਰ ਹੁੰਦੇ ਨੇ।

ਤੇਰੀ ਇਸ ਦਿਲ–ਫ਼ਰੇਬੀ ਦੀ ਵਜ੍ਹਾ ਦਾ ਤਾਂ ਪਤਾ ਲੱਗੇ
ਰੁਝੇਵੇਂ ਹੋਰ ਹੁੰਦੇ ਨੇ, ਅਕੇਵੇਂ ਹੋਰ ਹੁੰਦੇ ਨੇ।

ਜਦੋਂ ਕੁਝ ਤਿੜਕਦਾ ਜਾਵੇ ਜਾਂ ਹੱਥੋਂ ਖਿਸਕਦਾ ਜਾਵੇ
ਉਹੀ ਪਲ ਜ਼ਿੰਦਗੀ ਤੇ ਮੌਤ ਵਿਚਲੀ ਡੋਰ ਹੁੰਦੇ ਨੇ।

ਦਿਲਾਂ ਤੱਕ ਸਿੱਲ੍ਹ ਨਾ ਪਹੁੰਚੇ ਤੇ ਆਖ਼ਰ ਵਹਿ ਤੁਰੇ ਪਾਣੀ
ਇਹ ਬੂਹੇ ਅੱਖੀਆਂ ਵਾਲੇ ਬੜੇ ਕਮਜ਼ੋਰ ਹੁੰਦੇ ਨੇ।

ਖ਼ੁਦਾਵੰਦਾ ਤੇਰੀ ਖ਼ਲਕਤ ਦੀ ਬਹੁਰੰਗੀ ਏ ਫੁਲਵਾੜੀ
ਉਸੇ ਮਿੱਟੀ ’ਚੋਂ ਫੁੱਲ ਉੱਗਣ ਕਿ ਜਿਸ ਵਿੱਚ ਥੋਰ੍ਹ ਹੁੰਦੇ ਨੇ।

ਕਈ ਵਾਰੀ ਗਏ ਪਰਦੇਸ ਮੁੜਦੇ ਬਕਸਿਆਂ ਅੰਦਰ
ਬੜੇ ਔਖੇ ਘਰਾਂ ਤੋਂ ਪੁੱਤ ਤਾਂ ਹੀ ਤੋਰ ਹੁੰਦੇ ਨੇ।

ਕਿਸੇ ਦਾ ਖ਼ਿਆਲ, ਮਨ ਦਾ ਵੇਗ, ਨੂਰੀ ਖ਼ਾਬ, ਵਸਲੀ ਪਲ
ਕਦੋਂ ਇਹ ਰੋਕਿਆਂ ਰੁਕਦੇ, ਬੜੇ ਮੂੰਹ–ਜ਼ੋਰ ਹੁੰਦੇ ਨੇ।

•

❒

ਉਹ ਜਦ ਕਦੇ ਵੀ ਮਿਲ਼ਿਆ ਕੁਝ ਹੋਰ ਬਣ ਕੇ ਮਿਲ਼ਿਆ।
ਉਹ ਭੇਸ ਵਿਚ ਖ਼ੁਦਾ ਦੇ ਬਸ ਚੋਰ ਬਣ ਕੇ ਮਿਲ਼ਿਆ।

'ਬੋਲਣ ਤੋਂ ਚੁੱਪ ਚੰਗੀ', ਮੰਨਾਂ ਮੈਂ ਉਸ ਕਿਹਾ ਪਰ
ਮਿਲ਼ਿਆ ਜਦੋਂ ਉਹ ਮੈਨੂੰ ਬਸ ਸ਼ੋਰ ਬਣ ਕੇ ਮਿਲ਼ਿਆ।

ਹੋ ਕੇ ਬੁਲੰਦ ਮੈਥੋਂ ਉਸ ਫ਼ਾਸਲਾ ਵਧਾਇਆ
ਮੇਰਾ ਵਜੂਦ ਵੀ ਕੁਝ ਕਮਜ਼ੋਰ ਬਣ ਕੇ ਮਿਲ਼ਿਆ।

ਬਣਿਆ ਗੁਲਾਬ ਨਾ ਉਹ, ਬਣਿਆ ਸੰਜੀਵਨੀ ਨਾ
ਮਿਲ਼ਿਆ ਜਦੋਂ ਕਦੇ ਵੀ ਬਸ ਥੋਹ੍ਰ ਬਣ ਕੇ ਮਿਲ਼ਿਆ।

ਨਾ ਜਾ ਸਕੇ ਅਗਾਹਾਂ, ਨਾ ਮੁੜ ਸਕੇ ਪਿਛਾਹਾਂ
ਘੁੰਮਦੇ ਵਰੋਲ਼ਿਆਂ ਦੀ ਉਹ ਤੋਰ ਬਣ ਕੇ ਮਿਲ਼ਿਆ।

ਮਿਲ਼ਿਆ ਅਸਾਂ ਨੂੰ ਭਾਵੇਂ ਜਿਸ ਹਾਲ ਵੀ ਉਹ ਮਿਲ਼ਿਆ
ਤੇਹਾਂ ਨੂੰ ਨਾ ਘਟਾਵਾਂ ਘਣਘੋਰ ਬਣ ਕੇ ਮਿਲ਼ਿਆ।

ਜੋੜੀ ਨਾ ਦਿਲ ਤੋਂ ਜਿਸ ਨੇ ਤੇ ਨਾ ਹੀ ਉਸ ਨੇ ਤੋੜੀ
ਸਾਹਾਂ ਦੀ ਸਾਂਝ ਵਾਲ਼ੀ ਜੋ ਡੋਰ ਬਣ ਕੇ ਮਿਲ਼ਿਆ।
•

❒

ਬੜਾ ਕੁਝ ਸੋਚਦਾ ਹਾਂ ਤੂੰ ਮੇਰੇ ਜਦ ਕੋਲ਼ ਨਾ ਹੁੰਦਾ।
ਜਦੋਂ ਤੈਨੂੰ ਮਿਲਾਂ ਜੋ ਸੋਚਦਾਂ ਉਹ ਬੋਲ ਨਾ ਹੁੰਦਾ।

ਕਦੇ ਅੰਬਰ ਕਦੇ ਪਾਤਾਲ ਨੂੰ ਗਾਹੁੰਦਾ ਹੈ ਮਨ ਮੇਰਾ
ਜੋ ਰਹਿੰਦਾ ਨਾਲ਼ ਹੈ ਦਿਲ ਓਸ ਦਾ ਪਰ ਟੋਲ਼ ਨਾ ਹੁੰਦਾ।

ਉਹ ਹਰ ਥਾਂ 'ਤੇ ਖਿਲਾਰਾ ਪਾ ਕੇ ਬਹਿ ਜਾਂਦਾ ਏ ਪੀੜਾਂ ਦਾ
ਮੇਰੇ ਤੋਂ ਨਾਲ਼ ਯਾਰਾਂ ਦੁੱਖ ਵੀ ਅਪਣਾ ਫੋਲ ਨਾ ਹੁੰਦਾ।

ਜੋ ਸਾਰੀ ਉਮਰ ਮੈਂ ਆਪਣੇ ਹੀ ਹੱਥਾਂ ਨਾਲ ਪਾਈਆਂ ਨੇ
ਇਨ੍ਹਾਂ ਗੰਢਾਂ ਨੂੰ ਮੂੰਹ ਦੇ ਨਾਲ਼ ਵੀ ਹੁਣ ਖੋਲ੍ਹ ਨਾ ਹੁੰਦਾ।

ਮੇਰੀ ਪਰਵਾਜ਼ ਵਿਚ ਖ਼ਾਮੀ ਹੈ ਕੀ ਜੋ ਉੱਡ ਨਾ ਹੋਵੇ
ਬਿਗਾਨੇ ਅੰਬਰੀਂ ਅਪਣੇ ਪਰਾਂ ਨੂੰ ਤੋਲ ਨਾ ਹੁੰਦਾ।

ਮੈਂ ਤੇਰੇ ਨਾਮ ਦੀ ਝਾਂਜਰ ਨੂੰ ਸਿਰ-ਮੱਥੇ ਲਗਾਇਆ ਏ
ਦਿਲਾਂ ਵਿਚ ਜੋ ਵਸਾਈਦਾ ਉਹ ਪੈਰੀਂ ਰੋਲ਼ ਨਾ ਹੁੰਦਾ।

ਮੈਂ ਦਿਲ ਵਿਚ ਸਾਂਭਿਆ ਇਨਕਾਰ ਜੋ ਮਿਲ਼ਿਆ ਤੇਰੇ ਦਰ ਤੋਂ
ਮੇਰੇ ਕਾਸੇ 'ਚ ਤੂੰ ਭਰਿਆ ਜੋ ਉਸ ਨੂੰ ਡੋਲ੍ਹ ਨਾ ਹੁੰਦਾ।
•

❒

ਜ਼ਿੰਦਗੀ ਦੇ ਰੂਬਰੂ ਹਾਂ, ਮੌਤ ਤੋਂ ਮੁਨਕਰ ਨਹੀਂ।
ਸੁਪਨਿਆਂ ਦੇ ਸੰਗ ਪਰਚਾਂ, ਸੱਚ ਤੋਂ ਨਾਬਰ ਨਹੀਂ।

ਰੋਜ਼ ਤੇਰੀ ਯਾਦ ਦਾ ਬੱਦਲ ਚੜ੍ਹੇ, ਚੜ੍ਹਕੇ ਵਰ੍ਹੇ
ਏਸ ਮੌਸਮ ਤੋਂ ਸੁਹਾਣਾ ਹੋਰ ਕੁਝ ਮੰਜ਼ਰ ਨਹੀਂ।

ਰਸਤਿਆਂ ਦੀ ਭਟਕਣਾ ਤੇ ਰਾਹਜ਼ਨਾਂ ਦੀ ਭੀੜ ਵਿਚ
ਮੰਜ਼ਿਲਾਂ ਤਾਂ ਕੀ ਨਜ਼ਰ ਆਉਂਦੇ ਕਿਤੇ ਰਹਿਬਰ ਨਹੀਂ।

ਬੇਵਿਸਾਹੀ ਚੀਰ ਦਿੰਦੀ ਹੈ ਦਿਲਾਂ ਦੀ ਸਾਂਝ ਵੀ
ਕਹਿਣ ਨੂੰ ਤਾਂ ਤੂੰ ਲੁਕੋ ਕੇ ਰੱਖਿਆ ਖ਼ੰਜਰ ਨਹੀਂ।

ਇਸ ਤਰ੍ਹਾਂ ਪਥਰਾ ਗਏ ਉਹ ਹੁਣ ਕਿਸੇ ਦੇ ਰੁਦਨ ਤੇ
ਧਰਤ ਵੀ ਨਾ ਪਾਟਦੀ ਤੇ ਡੁਸਕਦਾ ਅੰਬਰ ਨਹੀਂ।

ਮੰਜ਼ਿਲਾਂ ’ਤੇ ਜਾਣ ਦੀ ਜੋ ਰੀਝ ਦਿਲ ਵਿਚ ਪਾਲ਼ਦੇ
ਉਹ ਕਦੇ ਵੀ ਦੇਖਦੇ ਫਿਰ ਮੀਲ ਦਾ ਪੱਥਰ ਨਹੀਂ।

ਆ ਕਿ ਮੁੜ ਤੋਂ ਸੁਫਨਿਆਂ ਦੇ ਬੀਅ ਉਗਾ ਕੇ ਦੇਖੀਏ
ਧਰਤ ਸਾਡੇ ਪਿਆਰ ਦੀ ਜ਼ਰਖੇਜ਼ ਹੈ, ਬੰਜਰ ਨਹੀਂ।

ਪ੍ਰੀਤ ਅਪਣੇ ਹੁਨਰ ਦੀ ਬੋਲੀ ਲਗਾ ਜੋ ਬਹਿ ਗਏ
ਉਹ ਵਪਾਰੀ ਹੋਣਗੇ, ਹਰਗਿਜ਼ ਕਦੇ ਸ਼ਾਇਰ ਨਹੀਂ।
•

❒

ਅੱਖਰਾਂ ਵਿਚ ਢਾਲ਼ ਕੇ ਸੁੱਚੀ ਮੁਹੱਬਤ ਭੇਜਦਾ।
ਮੈਂ ਬੜਾ ਹੈਰਾਨ ਹਾਂ ਉਹ ਅੱਜ ਵੀ ਖ਼ਤ ਭੇਜਦਾ।

ਦਿਸ ਪਵੇ ਐਸੀ ਲਿਖਾਵਟ ਵਿੱਚ ਲਿਖਤੁਮ ਆਪ ਵੀ
ਜੋ ਉਹ ਲਿਖ ਕੇ ਭੇਜਦਾ, ਏਨਾ ਕੁ ਖ਼ੁਸ਼ਖ਼ਤ ਭੇਜਦਾ।

ਚੁੰਮ ਕੇ ਮੱਥੇ ਲਗਾਵਾਂ ਦਾਤ ਸੁੱਚੇ ਇਸ਼ਕ ਦੀ
ਅੱਖਰਾਂ ਦੇ ਰੂਪ ਵਿਚ ਉਹ ਜੋ ਅਕੀਦਤ ਭੇਜਦਾ।

ਜੀ ਕਰੇ ਪੜ੍ਹਦਾ ਰਹਾਂ ਉਸ ਨੂੰ ਮੈਂ ਆਇਤ ਦੀ ਤਰ੍ਹਾਂ
ਆਪਣੇ ਸ਼ਬਦਾਂ ਦੇ ਵਿਚ ਏਨੀ ਨਫ਼ਾਸਤ ਭੇਜਦਾ।

ਵਜਦ ਵਿਚ ਆ ਕੇ ਜਿਵੇਂ ਹਰ ਹਰਫ਼ ਜਾਪੇ ਝੂੰਮਦਾ
ਆਪਣੀ ਹਰ ਲਿਖਤ ਵਿਚ ਏਦਾਂ ਦੀ ਉਨਮਤ ਭੇਜਦਾ।

ਜਿਸ ਨੂੰ ਪੜ੍ਹ ਕੇ ਲਿਖਣ ਉਸ ਦੀ ਮੌਤ ਦਾ ਫ਼ਰਮਾਨ ਉਹ
ਨੇਰ੍ਹ-ਨਗਰੀ ਰੌਸ਼ਨੀ ਦੀ ਜੋ ਇਬਾਰਤ ਭੇਜਦਾ।

ਮੋਹ ਦੇ ਧਾਗੇ ਵਿਚ ਪਰੋ, ਉਹ ਭੇਜਦਾ ਜਜ਼ਬਾਤ ਜੋ
ਪ੍ਰੀਤ ਵੀ ਖ਼ਤ ਮੋੜਵਾਂ ਏਸੇ ਬਦੌਲਤ ਭੇਜਦਾ।

•

❐

ਧੁਖ਼ ਰਹੇ ਮੌਸਮ ਨੂੰ ਖ਼ੁਸ਼ਬੂ ਦੀ ਫ਼ਜ਼ਾ ਕਹਿਣਾ।
ਜਾਂ ਸਿਤਮ ਉਸ ਦੇ ਨੂੰ ਵੀ ਉਸ ਦੀ ਅਦਾ ਕਹਿਣਾ।

ਵਸਲ ਦੇ ਉਪਹਾਰ ਦੀ ਅਣਹੋਂਦ ਕਹਿ ਦੇਵਾਂ
ਲੋਚਦੇ ਨਾ ਜੇ ਵਿਛੋੜੇ ਨੂੰ ਸਜ਼ਾ ਕਹਿਣਾ।

ਜੀਭ ਨੂੰ ਤਾਲੇ ਲਗਾਏ ਬੇਵਸੀ ਮੇਰੀ
ਚੁੱਪ ਮੇਰੀ ਨੂੰ ਨਾ ਪਰ ਮੇਰੀ ਰਜ਼ਾ ਕਹਿਣਾ।

ਕੀ ਕਰੂ ਤੇਰੀ ਹਿਮਾਇਤ ਹਰ ਕਦਮ ਤੇ ਉਹ
ਜਿਸ ਤੇਰੇ ਹਰ ਕਦਮ ਨੂੰ ਤੇਰੀ ਖ਼ਤਾ ਕਹਿਣਾ।

ਰੋ ਪਿਆ ਆਖ਼ਰ ਉਹ ਮੈਥੋਂ ਸੁਰਖ਼ਰੂ ਹੋ ਕੇ
ਹੱਸ ਕੇ ਚਾਹਿਆ ਸੀ ਜਿਸ ਨੇ ਅਲਵਿਦਾ ਕਹਿਣਾ।

ਬੇਵਜ੍ਹਾ ਦਾ ਸ਼ੋਰ ਰੂਹ ’ਚੋਂ ਕਰ ਲਵੀਂ ਮਨਫ਼ੀ
ਦਿਲ ਦੀਆਂ ਸੁਣ, ਜਿਸ ਨੇ ਕੁਝ ਨਾ ਬੇਵਜ੍ਹਾ ਕਹਿਣਾ।

ਲਾਰਿਆਂ ਦੇ ਨਾਲ ਟਾਲ਼ੇ ਅਰਜ਼ ਜੋ ਮੇਰੀ
ਇਸ ਗ਼ਜ਼ਲ ਨੂੰ ਵੀ ਤਾਂ ਉਸ ਨੇ ਇਲਤਿਜ਼ਾ ਕਹਿਣਾ।

•

❒

ਮੇਰੇ ਬੀਬੇ ਚਿਹਰੇ ਪਿੱਛੇ
ਕਿੰਨੇ ਰੂਪ ਛੁਪੇ ਨੇ ਹੋਰ।
ਖ਼ੁਦ ਵੀ ਮੈਂ ਪਹਿਚਾਣ ਸਕਾਂ ਨਾ
ਕਿਹੜੇ ਸਾਧ ਤੇ ਕਿਹੜੇ ਚੋਰ।

ਸੋਚ ਮੇਰੀ ਦੇ ਜੰਗਲ ਅੰਦਰ
ਸ਼ਿਕਰੇ ਯਾਰਾਂ ਝੁਰਮਟ ਪਾਇਆ
ਕਿੱਥੇ ਟਿਕਣ ਸੀ ਦੇਣੇ ਉਹਨਾਂ
ਅਮਨ ਦੇ ਪੰਛੀ ਘੁੱਗੀਆਂ-ਮੋਰ।

ਕਿੱਥੋਂ ਫਿਰ ਖ਼ੁਸ਼ਬੋਈ ਲੱਭਾਂ
ਕੀ ਅੰਦਰ ਤੇ ਕੀ ਬਾਹਰ ਮੈਂ
ਮਨ ਦੇ ਬਾਗੀਂ ਫੁੱਲ ਮਧੋਲ਼ਾਂ
ਗਮਲੇ ਵਿੱਚ ਸਜਾਵਾਂ ਥੋਰ੍ਹ।

ਅੰਬਰ ਦੀ ਚੁੰਨੀ ਦੇ ਉੱਤੇ
ਤਾਰੇ ਚੁਣ-ਚੁਣ ਫੁੱਲ ਸਜਾਵਾਂ
ਤੂੰ ਵੀ ਗ਼ਾਇਬ, ਫੁੱਲ ਵੀ ਗ਼ਾਇਬ
ਟੁੱਟੀ ਜਦ ਸੁਫਨੇ ਦੀ ਡੋਰ।

ਖ਼ੁਦ ਤੋਂ ਭੱਜਦਾ, ਖ਼ੁਦ ਨੂੰ ਫੜਦਾਂ
ਖ਼ੁਦ ਤੋਂ ਹਾਰਾਂ ਹਰ ਵਾਰੀ ਮੈਂ
ਦੱਸ ਕਿੱਥੋਂ ਮੈਂ ਖ਼ੁਦ ਨੂੰ ਲੱਭਾਂ
ਮਨ ਦੇ ਵਿਹੜੇ ਮੱਚਿਆ ਸ਼ੋਰ।

ਸਾਬਤ ਕਦਮੀਂ ਚੱਲਾਂ, ਥਿੜਕਾਂ
ਵਕਤ ਹਮੇਸ਼ਾ ਤੁਰਦਾ ਜਾਂਦਾ
ਮੜਕਾਂ ਰੜਕਾਂ ਆਪੇ ਨਿਕਲਣ
ਵਕਤ ਤੁਰੇ ਜਦ ਅਪਣੀ ਤੋਰ।
•

❒

ਇਸ ਬਹਿਸ ਵਿਚ ਉਲਝੇ ਰਹੇ ਕੀ ਗ਼ਲਤ ਸੀ, ਕੀ ਠੀਕ ਸੀ।
ਉਹ ਨਾ ਦਿਸੀ, ਨਾ ਹੀ ਮਿਟੀ, ਰਿਸ਼ਤੇ 'ਚ ਜਿਹੜੀ ਲੀਕ ਸੀ।

ਕੁਝ ਸੀ ਜੋ ਸਾਰੇ ਰਾਹ 'ਚ ਹੀ ਤੁਰਦਾ ਸਮਾਨੰਤਰ ਰਿਹਾ
ਜੋ ਸੋਚ ਤੋਂ ਵੀ ਸੀ ਪਰੇ, ਜੋ ਵਾਲ਼ ਤੋਂ ਬਾਰੀਕ ਸੀ।

ਇਕ-ਦੂਸਰੇ ਨੂੰ ਦੇ ਦਿਲਾਸਾ ਮੈਂ ਤੇ ਕਮਰਾ ਸੌਂ ਗਏ
ਭੁੱਲਿਆ ਸੀ ਕੋਈ ਘਰ ਮੇਰਾ ਜਾਂ ਆਉਣ ਦੀ ਤਾਰੀਕ ਸੀ।

ਬਸ ਰਿਸ਼ਤਿਆਂ ਦੇ ਗਣਿਤ ਨੂੰ ਸਮਝਣ 'ਚ ਬੀਤੀ ਜ਼ਿੰਦਗੀ
ਹਾਸਲ ਸੀ ਮੇਰਾ ਇਸ਼ਕ ਪਰ ਉਸ ਦੀ ਜਮ੍ਹਾ-ਤਫਰੀਕ ਸੀ।

ਨਾ ਤੈਅ ਹੋਏ ਨਾ ਮਿਟ ਸਕੇ ਦੋਹਾਂ ਦੇ ਵਿਚਲੇ ਫ਼ਾਸਲੇ
ਉਂਝ ਕਹਿਣ ਨੂੰ ਤਾਂ ਉਹ ਮੇਰੇ ਸਾਹਾਂ ਤੋਂ ਵੀ ਨਜ਼ਦੀਕ ਸੀ।

ਬਸ ਬੁੱਲ੍ਹ ਰਹਿ ਗਏ ਫ਼ਰਕਦੇ ਤੇ ਬੋਲ ਝੂਠੇ ਪੈ ਗਏ
ਪਲਕਾਂ 'ਚ ਰੁਕਿਆ ਅੱਥਰੂ ਇਸ ਤੜਪ ਦੀ ਤਸਦੀਕ ਸੀ।

ਸੜਦਾ ਥਲਾਂ ਵਿਚ ਕੌਣ ਇਉਂ, ਤਰਦਾ ਝਨਾਂ ਵੀ ਕੌਣ ਇਉਂ
ਇਹ ਸਿਦਕ ਦੀ ਸੀ ਇੰਤਹਾ ਤੇ ਇਸ਼ਕ ਦੀ ਤੌਫੀਕ ਸੀ।

ਹੋਣੀ ਹੈ ਤੇਰੇ ਸ਼ਹਿਰ ਦੀ ਕਾਲ਼ੀ ਹਵਾ, ਚਿੱਟੀ ਫ਼ਿਜ਼ਾ
ਪਰ ਪ੍ਰੀਤ ਸੂਹੇ ਸੁਫਨਿਆਂ ਦੇ ਸ਼ਹਿਰ ਦਾ ਵਸਨੀਕ ਸੀ।

•

❒
ਉਲਝਣ ਵਿਚ ਹਾਂ ਤੂੰ ਹੀ ਦੱਸ ਕੀ ਯਾਰ ਕਰਾਂ।
ਕਿਹੜਾ ਰਿਸ਼ਤਾ ਲਾਹ ਕੇ ਹੌਲ਼ਾ ਭਾਰ ਕਰਾਂ।

ਅੰਦਰਲਾ ਸੱਚ ਦੱਸਦੇ ਸੱਚੋ-ਸੱਚ ਮੈਨੂੰ
ਨਕਲੀ ਚਿਹਰੇ ਉੱਤੇ ਕਿਉਂ ਇਤਬਾਰ ਕਰਾਂ।

ਇਸ ਯੁੱਗ ਦੇ ਵਿਚ ਚੰਗੇ ਬੰਦੇ ਲੱਭਦਾ ਹਾਂ
ਗ਼ਲਤ ਹਾਂ ਮੈਂ ਤੇ ਇਹ ਗ਼ਲਤੀ ਹਰ ਵਾਰ ਕਰਾਂ।

ਅੱਗ ਨੇ ਬਹੁਤ ਜਲਾਇਆ ਵੀ, ਧਮਕਾਇਆ ਵੀ
ਜੁਗਨੂੰ ਤੋਂ ਵੀ ਖ਼ੁਦ ਨੂੰ ਮੈਂ ਹੁਸ਼ਿਆਰ ਕਰਾਂ।

ਐਵੇਂ ਕੁਝ ਅਨੁਮਾਨ ਲਗਾ ਨਾ ਮੁਖੜੇ ਤੋਂ
ਚਿਹਰੇ ਤੋਂ ਮੈਂ ਦੁੱਖ ਦਾ ਨਾ ਇਜ਼ਹਾਰ ਕਰਾਂ।

ਸੂਲੀ ਮੇਰਾ ਹਾਸਲ ਏ ਤੇ ਲਾਜ਼ਿਮ ਵੀ
ਕੋਈ ਜ਼ੁਰਮ ਤਾਂ ਮੈਂ ਵੀ ਫਿਰ ਸਰਕਾਰ ਕਰਾਂ।

ਸਾਗਰ, ਸਹਿਰਾਅ, ਪੀੜਾਂ, ਰੌਣਕ, ਖ਼ਾਮੋਸ਼ੀ
ਤੈਨੂੰ ਤੱਕ ਕੇ ਸਭ ਦਾ ਜਿਉਂ ਦੀਦਾਰ ਕਰਾਂ।
•

❐

ਬੇਆਸਿਆਂ ਨੂੰ ਮੁੜ ਤੋਂ ਝੂਠੀ ਆਸ ਨਾ ਦੇਵੀਂ।
ਆਉਣਾ ਨਹੀਂ ਤਾਂ ਆਉਣ ਦਾ ਧਰਵਾਸ ਨਾ ਦੇਵੀਂ।

ਆਵਾਰਗੀ ਦੇ ਜੰਗਲੋਂ ਪਰਤੀਂ ਨਾ ਤੂੰ ਬੇਸ਼ਕ
ਇਕ ਪਲ ਵੀ ਦਿਲ 'ਚੋਂ ਯਾਦ ਨੂੰ ਬਣਵਾਸ ਨਾ ਦੇਵੀਂ।

ਜਿਸ ਨੂੰ ਬੁਝਾਵਾਂ ਨਿਉਂ ਕੇ ਮੈਂ ਨਿਤ ਗ਼ੈਰ ਦੇ ਦਰ 'ਤੇ
ਤੂੰ ਮੌਤ ਭਾਵੇਂ ਦੇ ਦਈਂ, ਉਹ ਪਿਆਸ ਨਾ ਦੇਵੀਂ।

ਕਰ ਕੇ ਵਸੇਬਾ ਦਿਲ ਮਸਾਂ ਆਬਾਦ ਮੈਂ ਕਰਿਆ
ਮੁੜ ਬੇਘਰੇ ਹੋ ਜਾਣ ਦਾ ਅਹਿਸਾਸ ਨਾ ਦੇਵੀਂ।

ਸਾਂਭੇ ਨੇ ਸਾਡੀ ਸਾਂਝ ਦੇ ਕੁਝ ਹਰਫ਼ ਜਿਸ ਅੰਦਰ
ਦਿਲ ਦੇ ਸਫ਼ੇ 'ਤੇ ਦਰਦ ਦਾ ਇਤਿਹਾਸ ਨਾ ਦੇਵੀਂ।

ਉਹ ਕਹਿਣਗੇ ਤੂੰ ਖ਼ਤਰਿਆਂ ਦੀ ਜੂਹ 'ਚੋਂ ਮੁੜ ਜਾਈਂ
ਸਭ ਦੀ ਸੁਣੀਂ ਪਰ ਤੂੰ ਤਵੱਜੋ ਖ਼ਾਸ ਨਾ ਦੇਵੀਂ।

ਨਿਤ ਝੜ ਰਹੇ ਪੱਤਿਆਂ 'ਚੋਂ ਟੋਲ਼ਣ ਵਤਨ ਦਾ ਨਕਸ਼ਾ
ਮੌਲ਼ਾ ਕਿਸੇ ਨੂੰ ਇੰਝ ਵੀ ਪਰਵਾਸ ਨਾ ਦੇਵੀਂ।

•

❒

ਜਦ ਆਸਾਂ ਦਾ ਦਿਨ ਢਲ਼ ਚੱਲਿਆ
ਖ਼ਾਬਾਂ ਦੀ ਦੁਨੀਆ ਬਿਖਰ ਗਈ।
ਫਿਰ ਸ਼ਾਮ ਜਿਵੇਂ ਖ਼ੰਜਰ ਦੀ ਤਰ੍ਹਾਂ
ਸੀਨੇ ਵਿਚ ਗਹਿਰੀ ਉਤਰ ਗਈ।

ਜਿਹਨਾਂ ਲਈ ਨੰਗੇ ਧੜ ਲੜਿਆ
ਕੱਲ੍ਹ ਭੀੜ ਉਨ੍ਹਾਂ ਨਾ-ਸ਼ੁਕਰਿਆਂ ਦੀ
ਤੱਕ ਮੇਰੇ ਰਿਸਦੇ ਜ਼ਖ਼ਮਾਂ ਨੂੰ
ਪਾ ਨੀਵੀਂ ਕੋਲੋਂ ਗੁਜ਼ਰ ਗਈ।

ਜੋ ਕਰਨਾ ਸੀ ਨਾ ਕਰ ਸਕਿਆ
ਜੋ ਬਣਨਾ ਸੀ ਨਾ ਬਣ ਸਕਿਆ
ਮੈਂ ਇਹ ਕਰਲਾਂ ਜਾਂ ਉਹ ਬਣਜਾਂ
ਇਹ ਸੋਚਦਿਆਂ ਲੰਘ ਉਮਰ ਗਈ।

ਤੰਗਦਸਤੀ ਦੀ ਸੀ ਤਪਸ਼ ਬੜੀ
ਫ਼ਰਜ਼ਾਂ ਦੀ ਧੁੱਪ ਵੀ ਆਣ ਚੜ੍ਹੀ
ਸਾਇਆ ਸਿਰ 'ਤੇ ਬਸ ਮਾਂ ਦਾ ਸੀ
ਹਰ ਪੀੜ ਵੀ ਹੋ ਬੇਅਸਰ ਗਈ।

ਇਕ ਕਮਰੇ ਦੇ ਵਿਚ ਬਹਿ ਕੇ ਵੀ
ਦੋਹਾਂ ਦੀ ਵੱਖਰੀ ਦੁਨੀਆ ਸੀ
ਇਹ ਦੁਨੀਆ ਹੌਲ਼ੀ-ਹੌਲ਼ੀ ਫਿਰ
ਸਾਡੇ ਵਿਚਕਾਰ ਹੀ ਪਸਰ ਗਈ।

ਮੁਟਿਆਰ ਜੋ ਸ਼ਿਵ ਦੇ ਗੀਤਾਂ ਦੀ
ਜਿਸ ਦਾ ਕਿ ਨਾਮ ਮੁਹੱਬਤ ਸੀ
ਓਨ੍ਹਾਂ ਸਮਿਆਂ ਤੋਂ ਗੁੰਮ ਹੈ ਜੋ
ਮੈਂ ਅੱਜ ਵੀ ਭਾਲ਼ਾਂ ਕਿਧਰ ਗਈ।

ਘਰ-ਬਾਰ ਜਾਂ ਤੇਰੇ ਪਿਆਰ ਲਈ
ਮੈਂ ਹਰ ਪਲ ਖੰਡਤ ਹੋਇਆ ਸਾਂ
ਬੱਸ ਹੋਂਦ ਮੇਰੀ ਦੇ ਟੁਕੜੇ ਸਨ
ਜਿੱਧਰ ਵੀ ਮੇਰੀ ਨਜ਼ਰ ਗਈ।

ਬੇਆਸ ਜਿਹੇ ਇਸ ਜੀਵਨ ਵਿਚ
ਅਹਿਸਾਸ ਦਾ ਬੱਦਲ ਇਉਂ ਵਰ੍ਹਿਆ
ਉਮਰਾਂ ਦੇ ਸੁੱਕੇ ਰੁੱਖ ਉੱਤੇ
ਫਿਰ ਕਵਿਤਾ ਦੀ ਫੁੱਟ ਲ਼ਗਰ ਗਈ।
●●●